



ਸੱਚੀ ਅਤੇ ਨਿਰਪੱਖ ਵਿਚਾਰਧਾਰਾ

CEE7NEWS

Daily Digital Edition




Reg No: AAG1353 | Ludhiana, Tuesday 24 March, 2026 | website: www.cee7news.com

# ਪੰਜਾਬ ਦੇ 4 ਸਾਂਸਦਾਂ ਨੇ ਅਮਿਤ ਸ਼ਾਹ ਤੋਂ ਮੰਗੀ CBI ਜਾਂਚ



ਪੰਜਾਬ ਤੋਂ ਚਾਰ ਕਾਂਗਰਸ ਸੰਸਦ ਮੈਂਬਰਾਂ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਅੰਮ੍ਰਿਤਸਰ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਸੈਲਫ-ਸਾਈਡ (ਆਤਮ-ਹੱਤਿਆ) ਮਾਮਲੇ ਵਿੱਚ CBI ਜਾਂਚ ਦੀ ਮੰਗ ਕੀਤੀ ਹੈ। ਇਹ ਘਟਨਾ ਹਾਲ ਹੀ ਵਿੱਚ ਸਾਹਮਣੇ ਆਈ ਹੈ ਅਤੇ ਇਸ ਨੇ ਲੋਕ ਸਭਾ ਵਿੱਚ ਵੱਡੀ ਬਹਿਸ ਛੇੜ ਦਿੱਤੀ।

23 ਮਾਰਚ 2026 ਨੂੰ ਲੋਕ ਸਭਾ ਵਿੱਚ ਜ਼ੀਰੋ ਆਵਰ ਦੌਰਾਨ ਅੰਮ੍ਰਿਤਸਰ ਤੋਂ ਕਾਂਗਰਸ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਇਸ ਮੁੱਦੇ ਨੂੰ ਉਠਾਇਆ। ਉਨ੍ਹਾਂ ਨੇ ਵੀਡੀਓ ਸਬੂਤਾਂ ਦਾ ਹਵਾਲਾ ਦਿੰਦੇ ਹੋਏ ਸਾਬਕਾ ਪੰਜਾਬ ਮੰਤਰੀ ਲਲਜੀਤ ਸਿੰਘ ਭੁੱਲਰ 'ਤੇ ਗੰਭੀਰ ਇਲਜ਼ਾਮ ਲਗਾਏ ਅਤੇ ਮਾਮਲੇ ਨੂੰ CBI ਨੂੰ ਸੌਂਪਣ ਦੀ ਮੰਗ ਕੀਤੀ। ਇਸ 'ਤੇ ਜਵਾਬ ਦਿੰਦੇ ਹੋਏ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਉਹ CBI ਜਾਂਚ ਲਈ ਤਿਆਰ ਹਨ ਪਰ ਇਸ ਲਈ ਪੰਜਾਬ ਦੇ ਸਾਰੇ ਸੰਸਦ ਮੈਂਬਰਾਂ ਵੱਲੋਂ ਲਿਖਤੀ ਮੰਗ ਪੱਤਰ ਦਿੱਤਾ ਜਾਣਾ ਜ਼ਰੂਰੀ ਹੈ।

ਅਮਿਤ ਸ਼ਾਹ ਦੇ ਇਸ ਬਿਆਨ ਤੋਂ ਬਾਅਦ ਚਾਰ ਕਾਂਗਰਸ ਸੰਸਦ ਮੈਂਬਰਾਂ - ਸੁਖਜਿੰਦਰ ਸਿੰਘ ਰੰਧਾਵਾ, ਚਰਨਜੀਤ ਸਿੰਘ ਚੰਨੀ, ਡਾ. ਧਰਮਵੀਰ ਗਾਂਧੀ ਅਤੇ ਗੁਰਜੀਤ ਸਿੰਘ ਔਜਲਾ - ਨੇ ਸਾਂਝੇ ਤੌਰ 'ਤੇ ਇੱਕ ਪੱਤਰ ਤਿਆਰ ਕਰਕੇ ਗ੍ਰਹਿ ਮੰਤਰੀ ਨੂੰ ਸੌਂਪ ਦਿੱਤਾ। ਇਸ ਪੱਤਰ ਵਿੱਚ ਉਨ੍ਹਾਂ ਨੇ ਮਾਮਲੇ ਦੀ ਨਿਰਪੱਖ ਅਤੇ ਵਿਸ਼ਵਸਨੀਯ ਜਾਂਚ ਲਈ CBI ਨੂੰ ਸੌਂਪਣ ਦੀ ਮਜ਼ਬੂਤ ਮੰਗ ਕੀਤੀ ਹੈ। ਇਹ ਪੱਤਰ 23 ਮਾਰਚ 2026 ਨੂੰ ਹੀ ਜਾਂ ਉਸ ਤੋਂ ਤੁਰੰਤ ਬਾਅਦ ਦਰਜ ਕੀਤਾ ਗਿਆ।

ਇਸ ਮਾਮਲੇ ਵਿੱਚ ਵਿਵਾਦ ਇਸ ਗੱਲ 'ਤੇ ਵੀ ਹੈ ਕਿ ਪੰਜਾਬ ਵਿੱਚ ਕੁੱਲ 13 ਲੋਕ ਸਭਾ ਸੀਟਾਂ ਹਨ - 7 ਕਾਂਗਰਸ, 3 ਆਪ, 1 ਸ਼੍ਰੋਮਣੀ ਅਕਾਲੀ ਦਲ ਅਤੇ 2 ਆਜ਼ਾਦ। ਅਮਿਤ ਸ਼ਾਹ ਨੇ ਸਪੱਸ਼ਟ ਕਿਹਾ ਸੀ ਕਿ ਸਾਰੇ ਪੰਜਾਬੀ ਸੰਸਦ ਮੈਂਬਰਾਂ ਦੀ ਸਹਿਮਤੀ ਜਾਂ ਲਿਖਤੀ ਮੰਗ ਚਾਹੀਦੀ ਹੈ, ਜਿਸ ਕਾਰਨ ਹੁਣ ਗੱਲਬਾਤ ਬਾਕੀ ਪਾਰਟੀਆਂ ਨਾਲ ਵੀ ਹੋ ਸਕਦੀ ਹੈ। ਪਰ ਫਿਲਹਾਲ ਚਾਰ ਕਾਂਗਰਸ ਸੰਸਦ ਮੈਂਬਰਾਂ ਨੇ ਆਪਣੀ ਤਰਫ਼ੋਂ ਪਹਿਲ ਕਦਮ ਚੁੱਕ ਲਿਆ ਹੈ।

ਗਗਨਦੀਪ ਰੰਧਾਵਾ ਦੀ ਮੌਤ ਨੂੰ ਲੈ ਕੇ ਵੱਖ-ਵੱਖ ਪਾਰਟੀਆਂ ਵੱਲੋਂ ਵੀ ਰਾਜਨੀਤਿਕ ਬਿਆਨਬਾਜ਼ੀ ਹੋ ਰਹੀ ਹੈ। ਕਾਂਗਰਸ ਅਤੇ ਭਾਜਪਾ ਦੋਵੇਂ ਜਾਂਚ ਦੀ ਮੰਗ ਕਰ ਰਹੇ ਹਨ ਜਦਕਿ ਇਸ ਨਾਲ ਪੰਜਾਬ ਸਰਕਾਰ 'ਤੇ ਵੀ ਦਬਾਅ ਵਧ ਰਿਹਾ ਹੈ। ਇਹ ਘਟਨਾ ਪੰਜਾਬ ਵਿੱਚ ਕਾਨੂੰਨ ਵਿਵਸਥਾ, ਅਧਿਕਾਰੀਆਂ ਦੀ ਸੁਰੱਖਿਆ ਅਤੇ ਰਾਜਨੀਤਿਕ ਦਬਾਅ ਵਰਗੇ ਮੁੱਦਿਆਂ ਨੂੰ ਉਭਾਰ ਰਹੀ ਹੈ।



ਸਾਬਕਾ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਲਾਲਜੀਤ ਸਿੰਘ ਭੁੱਲਰ

## ਮੰਡੀ ਗੋਬਿੰਦਗੜ੍ਹ ਤੋਂ ਅੰਮ੍ਰਿਤਸਰ ਪੁਲਿਸ ਵੱਲੋਂ ਗ੍ਰਿਫ਼ਤਾਰੀ

ਅੰਮ੍ਰਿਤਸਰ ਪੁਲਿਸ ਨੇ ਸਾਬਕਾ ਮੰਤਰੀ ਤੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਲਾਲਜੀਤ ਸਿੰਘ ਭੁੱਲਰ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫਤਾਰ ਕਰ ਲਿਆ ਹੈ। ਇਹ ਗ੍ਰਿਫਤਾਰੀ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਦੇ ਅੰਮ੍ਰਿਤਸਰ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਮਾਮਲੇ ਨਾਲ ਜੁੜੀ ਹੋਈ ਹੈ।

ਲਾਲਜੀਤ ਸਿੰਘ ਭੁੱਲਰ ਪਟੀ ਹਲਕੇ ਤੋਂ ਵਿਧਾਇਕ ਹਨ ਤੇ ਪਹਿਲਾਂ ਪੰਜਾਬ ਸਰਕਾਰ ਵਿੱਚ ਟਰਾਂਸਪੋਰਟ ਮੰਤਰੀ ਰਹਿ ਚੁੱਕੇ ਹਨ। ਗਗਨਦੀਪ ਰੰਧਾਵਾ ਨੇ ਸ਼ਨੀਵਾਰ ਨੂੰ ਜ਼ਹਿਰ ਖਾ ਕੇ ਆਪਣੀ ਜਾਨ ਦੇ ਦਿੱਤੀ ਸੀ। ਉਨ੍ਹਾਂ ਨੇ ਇੱਕ ਵੀਡੀਓ ਵਿੱਚ ਦਾਅਵਾ ਕੀਤਾ ਸੀ ਕਿ ਲਾਲਜੀਤ ਭੁੱਲਰ ਵੱਲੋਂ ਉਨ੍ਹਾਂ ਉੱਤੇ ਦਬਾਅ ਬਣਾਇਆ ਜਾ ਰਿਹਾ ਸੀ। ਇਸ ਵੀਡੀਓ ਦੇ ਸਾਹਮਣੇ ਆਉਣ ਤੋਂ ਬਾਅਦ ਵੱਡਾ ਵਿਵਾਦ ਖੜ੍ਹਾ ਹੋ ਗਿਆ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਉਸੇ ਦਿਨ ਲਾਲਜੀਤ ਭੁੱਲਰ ਨੂੰ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਲਈ ਕਿਹਾ ਸੀ।

ਪੁਲਿਸ ਨੇ ਸ਼ਨੀਵਾਰ ਰਾਤ ਨੂੰ ਹੀ ਲਾਲਜੀਤ ਸਿੰਘ ਭੁੱਲਰ, ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਤੇ ਨਿੱਜੀ ਸਹਾਇਕ ਦਿਲਬਾਗ ਸਿੰਘ ਵਿਰੁੱਧ ਭਾਰਤੀ ਨਿਆਂ ਸੰਹਿਤਾ ਤਹਿਤ ਕੇਸ ਦਰਜ ਕੀਤਾ ਸੀ। ਰੰਧਾਵਾ ਦੇ ਪਰਿਵਾਰ ਨੇ ਮ੍ਰਿਤਕ ਦੇ ਅੰਤਿਮ ਸੰਸਕਾਰ ਤੋਂ ਪਹਿਲਾਂ ਭੁੱਲਰ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਸੀ ਤੇ 24 ਘੰਟਿਆਂ ਦਾ ਅਲਟੀਮੇਟਮ ਵੀ ਦਿੱਤਾ ਸੀ।

ਰੰਧਾਵਾ ਦੇ ਪਰਿਵਾਰ ਨੇ ਮ੍ਰਿਤਕ ਦੇ ਅੰਤਿਮ ਸੰਸਕਾਰ ਤੋਂ ਪਹਿਲਾਂ ਭੁੱਲਰ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਸੀ ਤੇ 24 ਘੰਟਿਆਂ ਦਾ ਅਲਟੀਮੇਟਮ ਵੀ ਦਿੱਤਾ ਸੀ। ਪਰਿਵਾਰ ਵਾਲਿਆਂ ਨੇ ਪੋਸਟਮਾਰਟਮ ਵੀ ਰੋਕ ਦਿੱਤਾ ਸੀ ਜਦੋਂ ਤੱਕ ਮੁਲਜ਼ਮਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾਅੱਜ ਹੀ ਪਾਰਲੀਮੈਂਟ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਮਾਮਲੇ ਨੂੰ ਸੀਬੀਆਈ ਨੂੰ ਸੌਂਪਣ ਦੀ ਗੱਲ ਕਹੀ ਸੀ। ਇਸ ਤੋਂ ਕੁਝ ਘੰਟਿਆਂ ਬਾਅਦ ਹੀ ਭੁੱਲਰ ਦੀ ਗ੍ਰਿਫਤਾਰੀ ਦੀ ਖਬਰ ਆਈ। ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ। ਲਾਲਜੀਤ ਭੁੱਲਰ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਕਰਕੇ ਕਿਹਾ ਸੀ ਕਿ ਉਹ ਖੁਦ ਆਤਮ ਸਮਰਪਣ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਦੇਸ਼ ਦੇ ਕਾਨੂੰਨ ਤੇ ਨਿਆਂ ਪ੍ਰਣਾਲੀ ਉੱਤੇ ਪੂਰਾ ਭਰੋਸਾ ਹੈ। ਉਨ੍ਹਾਂ ਕਿਹਾ ਕਿ ਉਹ ਕਿਤੇ ਭੱਜੇ ਨਹੀਂ ਸਨ ਤੇ ਪੰਜਾਬ ਵਿੱਚ ਹੀ ਸਨ।ਅੱਜ ਹੀ ਪਾਰਲੀਮੈਂਟ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਮਾਮਲੇ ਨੂੰ ਸੀਬੀਆਈ ਨੂੰ ਸੌਂਪਣ ਦੀ ਗੱਲ ਕਹੀ ਸੀ। ਇਸ ਤੋਂ ਕੁਝ ਘੰਟਿਆਂ ਬਾਅਦ ਹੀ ਭੁੱਲਰ ਦੀ ਗ੍ਰਿਫਤਾਰੀ ਦੀ ਖਬਰ ਆਈ। ਅੰਮ੍ਰਿਤਸਰ ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਗ੍ਰਿਫਤਾਰੀ ਦੀ ਪੁਸ਼ਟੀ ਕੀਤੀ ਹੈ। ਲਾਲਜੀਤ ਭੁੱਲਰ ਨੇ ਸੋਸ਼ਲ ਮੀਡੀਆ ਉੱਤੇ ਪੋਸਟ ਕਰਕੇ ਕਿਹਾ ਸੀ ਕਿ ਉਹ ਖੁਦ ਆਤਮ ਸਮਰਪਣ ਕਰ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਦੇਸ਼ ਦੇ ਕਾਨੂੰਨ ਤੇ ਨਿਆਂ ਪ੍ਰਣਾਲੀ ਉੱਤੇ ਪੂਰਾ ਭਰੋਸਾ ਹੈ। ਉਨ੍ਹਾਂ ਕਿਹਾ ਕਿ ਉਹ ਕਿਤੇ ਭੱਜੇ ਨਹੀਂ ਸਨ ਤੇ ਪੰਜਾਬ ਵਿੱਚ ਹੀ ਸਨ।

ਪੰਜਾਬੀ ਟ੍ਰਿਬਿਊਨ ਵਿੱਚ ਛਪੀ ਰਿਪੋਰਟ ਮੁਤਾਬਕ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਇਹ ਆਤਮ ਸਮਰਪਣ ਸੀ ਜਾਂ ਪੁਲਿਸ ਵੱਲੋਂ ਗ੍ਰਿਫਤਾਰੀ। ਪਰ ਪੀੜਤ ਪਰਿਵਾਰ ਨੂੰ ਥੋੜ੍ਹੀ ਤਸੱਲੀ ਮਿਲੀ ਹੈ। ਇਸ ਮਾਮਲੇ ਵਿੱਚ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਪੰਜਾਬ ਦੇ ਮੰਤਰੀਆਂ ਵੱਲੋਂ ਅਫਸਰਸ਼ਾਹੀ ਉੱਤੇ ਬਣਾਏ ਜਾ ਰਹੇ ਦਬਾਅ ਨੂੰ ਹਟਾਉਣ ਲਈ ਕੇਂਦਰੀ ਏਜੰਸੀ ਦੀ ਜਾਂਚ ਜ਼ਰੂਰੀ ਹੈ।

ਇਸ ਘਟਨਾ ਨੇ ਪੰਜਾਬ ਰਾਜਨੀਤੀ ਵਿੱਚ ਹਲਚਲ ਮਚਾ ਦਿੱਤੀ ਹੈ। ਆਪ ਸਰਕਾਰ ਲਈ ਇਹ ਇੱਕ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ ਕਿਉਂਕਿ ਭੁੱਲਰ ਪਾਰਟੀ ਦੇ ਪ੍ਰਮੁੱਖ ਚਿਹਰਿਆਂ ਵਿੱਚੋਂ ਇੱਕ ਸਨ। ਪਰਿਵਾਰ ਵੱਲੋਂ ਮੰਗ ਕੀਤੀ ਗਈ ਸੀ ਕਿ ਮੁਲਜ਼ਮਾਂ ਨੂੰ ਜਲਦੀ ਗ੍ਰਿਫਤਾਰ ਕੀਤਾ ਜਾਵੇ ਤਾਂ ਜੋ ਨਿਆਂ ਮਿਲ ਸਕੇ। ਹੁਣ ਅੱਗੇ ਜਾਂਚ ਵਿੱਚ ਕੀ ਸਾਹਮਣੇ ਆਉਂਦਾ ਹੈ, ਇਹ ਵੇਖਣਾ ਰਹੇਗਾ।

**War NEWS** ਈਰਾਨ ਨੇ ਤੇਲ ਤੇ ਗੈਸ ਤੋਂ ਕੀਤੀ ਰਿਕਾਰਡ ਕਮਾਈ; ਜੰਗੀ ਹਾਲਾਤ 'ਚ ਵੀ ਵਧਿਆ ਮੁਨਾਫ਼ਾ

# ਹਾਰਮੁਜ਼ ਜਲਡੰਘੀ 'ਚ ਜਹਾਜ਼ਾਂ ਤੋਂ ਵਸੂਲਿਆ ਜਾ ਰਿਹਾ ਭਾਰੀ ਟੈਕਸ

ਯੂਐੱਸ-ਇਜ਼ਰਾਈਲ-ਈਰਾਨ ਜੰਗ ਵਿੱਚ ਈਰਾਨ ਨੇ ਤੇਲ ਅਤੇ ਗੈਸ ਤੋਂ ਰਿਕਾਰਡ ਕਮਾਈ ਕੀਤੀ ਹੈ ਅਤੇ ਹਾਰਮੁਜ਼ ਜਲਡੰਘੀ ਰਾਹੀਂ ਲੰਘਣ ਵਾਲੇ ਜਹਾਜ਼ਾਂ ਤੋਂ ਵੱਡੀ ਟੈਕਸ ਵਸੂਲ ਰਿਹਾ ਹੈ। ਇਹ ਖ਼ਬਰ ਛਪੀ ਹੈ, ਜਿਸ ਵਿੱਚ ਦੱਸਿਆ ਗਿਆ ਹੈ ਕਿ ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਹਮਲੇ ਕੀਤੇ ਹਨ ਪਰ ਈਰਾਨ ਨੇ ਆਪਣੇ ਤੇਲ ਐਕਸਪੋਰਟ ਨੂੰ ਜਾਰੀ ਰੱਖਿਆ ਹੈ ਅਤੇ ਇਸ ਤੋਂ ਭਾਰੀ ਆਰਥਿਕ ਫਾਇਦਾ ਲਿਆ ਹੈ।

ਜੰਗ ਸ਼ੁਰੂ ਹੋਣ ਤੋਂ ਬਾਅਦ ਤੇਲ ਦੀਆਂ ਕੀਮਤਾਂ ਵਿੱਚ 40% ਤੋਂ ਵੱਧ ਵਾਧਾ ਹੋਇਆ ਹੈ ਅਤੇ ਬ੍ਰੈਂਟ ਕਰੂਡ $100 ਪ੍ਰਤੀ ਬੈਰਲ ਤੋਂ ਉੱਪਰ ਪਹੁੰਚ ਗਿਆ ਹੈ। ਈਰਾਨ ਨੇ ਹਾਰਮੁਜ਼ ਸਟ੍ਰੇਟ ਨੂੰ ਜ਼ਿਆਦਾਤਰ ਜਹਾਜ਼ਾਂ ਲਈ ਬੰਦ ਕਰ ਦਿੱਤਾ ਹੈ ਪਰ ਆਪਣੇ ਤੇਲ ਟੈਂਕਰਾਂ ਨੂੰ ਚੀਨ ਵੱਲ ਭੇਜਣਾ ਜਾਰੀ ਰੱਖਿਆ ਹੈ। ਮਾਰਚ ਦੇ ਸ਼ੁਰੂ ਤੋਂ ਹੀ ਈਰਾਨ ਨੇ 16 ਮਿਲੀਅਨ ਬੈਰਲ ਤੋਂ ਵੱਧ ਤੇਲ ਐਕਸਪੋਰਟ ਕੀਤਾ ਹੈ। ਇਸ ਨਾਲ ਈਰਾਨ ਦੀ ਆਰਥਿਕਤਾ ਨੂੰ ਸਹਾਰਾ ਮਿਲਿਆ ਹੈ ਜਦਕਿ ਦੂਜੇ ਖਾੜੀ ਦੇਸ਼ਾਂ ਦੇ ਤੇਲ ਐਕਸਪੋਰਟ ਪ੍ਰਭਾਵਿਤ ਹੋਏ ਹਨ।

ਹਾਰਮੁਜ਼ ਸਟ੍ਰੇਟ ਦੁਨੀਆ ਦਾ ਸਭ ਤੋਂ ਅਹਿਮ ਜਲਮਾਰਗ ਹੈ ਜਿੱਥੋਂ ਰੋਜ਼ਾਨਾ ਲਗਭਗ 20% ਗਲੋਬਲ ਤੇਲ ਅਤੇ ਐਲਐਨਜੀ ਲੰਘਦਾ ਹੈ। ਜੰਗ ਕਾਰਨ ਈਰਾਨ ਨੇ ਇਸ 'ਤੇ ਕੰਟਰੋਲ ਵਧਾ ਲਿਆ ਹੈ ਅਤੇ ਕੁਝ ਜਹਾਜ਼ਾਂ ਤੋਂ ਟਰਾਂਜ਼ਿਟ ਫੀਸ ਵਜੋਂ $2 ਮਿਲੀਅਨ (ਲਗਭਗ 18.8 ਕਰੋੜ ਰੁਪਏ) ਵਸੂਲ ਰਿਹਾ ਹੈ।

ਈਰਾਨੀ ਸੰਸਦ ਮੈਂਬਰ ਅਲਾਏਦੀਨ ਬੋਰੂਜਰਦੀ ਨੇ ਕਿਹਾ ਹੈ ਕਿ ਇਹ ਨਵੀਂ ਸਰਵਰੈਂਟੀ ਦਾ ਹਿੱਸਾ ਹੈ ਅਤੇ ਇਹ ਈਰਾਨ ਦੀ ਤਾਕਤ ਨੂੰ ਦਰਸਾਉਂਦਾ ਹੈ। ਉਨ੍ਹਾਂ ਅਨੁਸਾਰ 47 ਸਾਲਾਂ ਬਾਅਦ ਈਰਾਨ ਨੇ ਸਟ੍ਰੇਟ 'ਤੇ ਆਪਣਾ ਨਿਯੰਤਰਣ ਮਜ਼ਬੂਤ ਕੀਤਾ ਹੈ ਅਤੇ ਕੁਝ ਜਹਾਜ਼ਾਂ ਨੂੰ ਸੇਫ ਪੈਸੇਜ ਲਈ ਇਹ ਫੀਸ ਅਦਾ ਕਰਨੀ ਪੈ ਰਹੀ ਹੈ।

ਈਰਾਨੀ ਸੰਸਦ ਵਿੱਚ ਇੱਕ ਬਿੱਲ 'ਤੇ ਵਿਚਾਰ ਹੋ ਰਿਹਾ ਹੈ ਜਿਸ ਵਿੱਚ ਸਾਰੇ ਦੇਸ਼ਾਂ ਨੂੰ ਸਟ੍ਰੇਟ ਵਰਤਣ ਲਈ ਟੋਲ ਅਤੇ ਟੈਕਸ ਅਦਾ ਕਰਨੇ ਪੈਣਗੇ। ਇਸ ਨੂੰ ਸੁਰੱਖਿਆ ਟੈਕਸ ਵਜੋਂ ਵੇਖਿਆ ਜਾ ਰਿਹਾ ਹੈ ਕਿਉਂਕਿ ਈਰਾਨ ਖੁਦ ਇਸ ਮਾਰਗ ਦੀ ਸੁਰੱਖਿਆ ਦਾ ਦਾਅਵਾ ਕਰ ਰਿਹਾ ਹੈ। ਇਸ ਤੋਂ ਪਹਿਲਾਂ ਈਰਾਨ ਨੇ ਧਮਕੀ ਦਿੱਤੀ ਸੀ ਕਿ ਅਮਰੀਕਾ ਜੇ ਇਸ ਦੇ ਬਿਜਲੀ ਨੈੱਟਵਰਕ 'ਤੇ ਹਮਲਾ ਕਰੇਗਾ ਤਾਂ ਇਜ਼ਰਾਈਲ ਅਤੇ ਖਾੜੀ ਵਿੱਚ ਅਮਰੀਕੀ ਬੇਸਾਂ ਨੂੰ ਸਪਲਾਈ ਕਰਨ ਵਾਲੇ ਪਲਾਂਟਾਂ 'ਤੇ ਹਮਲਾ ਕੀਤਾ ਜਾਵੇਗਾ। ਇਸ ਕਾਰਨ ਟਰੰਪ ਨੇ ਈਰਾਨੀ ਪਾਵਰ ਪਲਾਂਟਾਂ 'ਤੇ ਹਮਲੇ 5 ਦਿਨਾਂ ਲਈ ਮੁਲਤਵੀ ਕਰ ਦਿੱਤੇ ਹਨ ਅਤੇ ਗੱਲਬਾਤ ਨੂੰ ਉਤਸ਼ਾਹਿਤ ਕੀਤਾ ਹੈ। ਅਮਰੀਕਾ ਨੇ ਈਰਾਨ ਦੇ ਫੌਜੀ ਟਿਕਾਣਿਆਂ 'ਤੇ ਹਮਲੇ ਕੀਤੇ ਪਰ ਤੇਲ ਟਰਮੀਨਲਾਂ ਨੂੰ ਨਹੀਂ ਛੂਹਿਆ ਕਿਉਂਕਿ ਇਸ ਨਾਲ ਗਲੋਬਲ ਤੇਲ ਸੰਕਟ ਵਧ ਜਾਵੇਗਾ।



ਇਸ ਦਾ ਫਾਇਦਾ ਈਰਾਨ ਨੂੰ ਮਿਲਿਆ ਅਤੇ ਉਹ ਚੀਨ ਨੂੰ ਤੇਲ ਭੇਜਦਾ ਰਿਹਾ। ਅਮਰੀਕੀ ਖਜ਼ਾਨਾ ਮੰਤਰੀ ਨੇ ਕਿਹਾ ਕਿ ਟਰੰਪ ਮੱਧ ਪੂਰਬ ਵਿੱਚ ਅਮਨ ਲਈ ਕੰਮ ਕਰ ਰਹੇ ਹਨ ਅਤੇ ਈਰਾਨ ਨੂੰ ਪਰਮਾਣੂ ਹਥਿਆਰਾਂ ਤੋਂ ਰੋਕਣ ਲਈ ਸਖ਼ਤ ਕਦਮ ਚੁੱਕੇ ਹਨ।ਇਸ ਜੰਗ ਨੇ ਗਲੋਬਲ ਐਨਰਜੀ ਮਾਰਕੀਟ ਨੂੰ ਹਿਲਾ ਦਿੱਤਾ ਹੈ। ਭਾਰਤ ਵਰਗੇ ਦੇਸ਼ ਜੋ ਮੱਧ ਪੂਰਬ ਤੋਂ ਤੇਲ ਇੰਪੋਰਟ ਕਰਦੇ ਹਨ, ਉਨ੍ਹਾਂ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਤੇਲ ਦੀਆਂ ਕੀਮਤਾਂ ਵਧਣ ਨਾਲ ਪੈਟਰੋਲ, ਡੀਜ਼ਲ ਅਤੇ ਹੋਰ ਚੀਜ਼ਾਂ ਮਹਿੰਗੀਆਂ ਹੋ ਗਈਆਂ ਹਨ। ਈਰਾਨ ਨੇ ਆਪਣੇ ਨੇੜਲੇ ਦੇਸ਼ਾਂ ਦੇ ਐਨਰਜੀ ਫੈਸਿਲਿਟੀਆਂ 'ਤੇ ਵੀ ਹਮਲੇ ਕੀਤੇ ਜਿਸ ਨਾਲ ਸਪਲਾਈ ਚੇਨ ਡਿਸਰਪਟ ਹੋਈ ਹੈ।ਕੁੱਲ ਮਿਲਾ ਕੇ ਈਰਾਨ ਜੰਗ ਵਿੱਚ ਨੁਕਸਾਨ ਝੱਲ ਰਿਹਾ ਹੈ ਪਰ ਤੇਲ ਅਤੇ ਗੈਸ ਐਕਸਪੋਰਟ ਅਤੇ ਹਾਰਮੁਜ਼ 'ਤੇ ਟੈਕਸ ਨਾਲ ਆਰਥਿਕ ਤੌਰ 'ਤੇ ਮਜ਼ਬੂਤ ਹੋ ਰਿਹਾ ਹੈ। ਇਹ ਸਥਿਤੀ ਗਲੋਬਲ ਆਰਥਿਕਤਾ ਲਈ ਚੁਣੌਤੀ ਬਣੀ ਹੋਈ ਹੈ ਅਤੇ ਭਵਿੱਖ ਵਿੱਚ ਹੋਰ ਵਿਗੜ ਸਕਦੀ ਹੈ ਜੇ ਗੱਲਬਾਤ ਨਾਲ ਹੱਲ ਨਾ ਨਿਕਲੇ।

## ਭਗਤ ਸਿੰਘ ਦਾ ਸੁਪਨਾ



ਅਸੀ ਜਵਾਨੀਆਂ ਵਾਰ ਕੇ ਦੇਸ਼ ਪੰਜਾਬ ਨੂੰ,
ਕਰਵਾਉਣਾ ਗੋਰਿਆਂ ਤੋਂ ਅਜ਼ਾਦ ਲੋਕੋ।

ਬੰਦੇ ਬਹਾਦਰ ਦੀ ਲੜਾਈ ਅੱਗੇ ਹੋਰ ਲੜਨੀ,
ਗੁਰੂ ਗੋਬਿੰਦ ਸਿੰਘ ਦੀ ਅਸੀਂ ਔਲਾਦ ਲੋਕੋ।

ਅਜ਼ਾਦੀ ਹੈ ਸਾਡਾ ਜਮਾਂਦਰੂ ਜਰੂਰੀ ਹੱਕ,
ਗੁਲਾਮੀ ਗਲੋਂ ਲਾਹ ਕੇ ਹੋਣਾ ਅਬਾਦ ਲੋਕੋ।

ਜਾਤਾਂ ਪਾਤਾਂ,ਊਚ ਨੀਚ ਵੀ ਖਤਮ ਕਰਨਾ,
ਧਰਮਾਂ ਦੇ ਨਾਮ ਤੇ ਕਰਨਾ ਨਹੀਂ ਫਸਾਦ ਲੋਕੋ।

ਮਨੁੱਖ ਦੇ ਹੱਥੋਂ ਮਨੁੱਖ ਦੀ ਲੁੱਟ ਖਤਮ ਕਰਨੀ,
ਖਤਮ ਕਰਨਾਂ ਜਗੀਰਦਾਰੀ ਦਾ ਤਾਜ ਲੋਕੋ।

ਸਾਮਰਾਜੀ ਗੋਰੇ ਤਾਂ ਇੱਕ ਦਿਨ ਤੁਰ ਜਾਣਗੇ,
ਕਾਲਿਆਂ ਨੇ ਵੀ ਕਰਨਾ ਦੇਸ਼ ਬਰਬਾਦ ਲੋਕੋ।

ਯੋਕਾਂ ਦੇ ਵਾਂਗ ਲੋਕਾਂ ਦਾ ਖੂਨ ਪੀਂਦੇ,
ਰਲ ਮਿਲਕੇ ਹਾਕਮ ਅਤੇ ਸਾਧ ਲੋਕੋ।

ਅਮੀਰੀ ਤੇ ਗਰੀਬੀ ਦਾ ਪਾੜ੍ਹਾ ਖਤਮ ਕਰਨਾ,
ਪੜ੍ਹਨੀ ਮਾਰਕਸਵਾਦ ਤੇ ਲੈਨਿਨ ਦੀ ਕਿਤਾਬ ਲੋਕੋ।

ਸਾਥੀਉ ਅਸੀਂ ਲਾੜ੍ਹੀ ਮੌਤ ਵਿਆਉਣ ਚੱਲੇ,
ਅਜਾਦੀ ਦੇ ਬੂਟੇ ਨੂੰ ਖੂਨ ਦੀ ਪਾਉਣੀ ਖਾਦ ਲੋਕੋ।

ਮੇਰੇ ਦੇਸ਼ ਵਾਸੀਉ ਕਦੇ ਡਰ ਨਾ ਜਾਣਾ ,
ਜੁਲਮ ਦੇ ਚੱਲਣੇ ਕੋਹਲੂ ਤੇ ਖਰਾਦ ਲੋਕੋ।

ਅਸੀਂ ਫਾਂਸੀ ਦੇ ਰੱਸੇ ਗਲ ਵਿੱਚ ਪਾ ਕੇ ਝੂੱਟੇ ਲੈਣੇ,
ਗੁੜ ਬਣਦਾ,ਪਹਿਲਾ ਪੀੜ੍ਹਿਆ ਜਾਂਦਾ ਕਮਾਦ ਲੋਕੋ।

ਕਿਸੇ ਗਰੀਬ ਦਾ ਬੱਚਾ ਭੁੱਖਾ ਨਾ ਰੋਵੇ,
ਲਿਆਉਣਾ ਰੂਸ ਵਰਗਾ ਸਮਾਜਵਾਦ ਲੋਕੋ।

ਅਸੀ ਵਿਹਲੜਾਂ ਦੀ ਅੰਨੀ ਲੁੱਟ ਖਤਮ ਕਰਨੀ,
ਮੂੱਧੇ ਮੂੰਹ ਮਾਰਨਾ ਗੋਰਿਆਂ ਕਾਲਿਆਂ ਦਾ ਸਾਮਰਾਜ ਲੋਕੋ।

ਸੁਖਵਿੰਦਰ ਸਿੰਘ ਖਾਰੇ ਵਾਲਿਆਂ,

ਸਾਡਾ ਨਿਸ਼ਾਨਾ ਇੰਨਕਲਾਬ ਜ਼ਿੰਦਾਬਾਦ ਲੋਕੋ।
ਅਸੀਂ ਜਵਾਨੀਆਂ ਵਾਰ ਕੇ ਕਰਵਾਉਣਾ,
ਦੇਸ਼ ਨੂੰ ਗੋਰਿਆਂ ਕਾਲਿਆਂ ਤੋਂ ਅਜ਼ਾਦ ਲੋਕੋ।
9530579175,

## ਸਵੇਰ ਸੁਨੇਹਾ



23 ਮਾਰਚ 1931ਕੋਈ ਮਾਮੂਲੀ ਜਿਹਾ ਦਿਨ ਨਹੀਂ। ਇਸ ਇਤਿਹਾਸਕ ਤਾਰੀਖ਼ ਨੂੰ ਤਿੰਨ ਯੋਧੇ ਸੂਰਮੇ ਦੇਸ਼ ਦੀ ਆਜ਼ਾਦੀ ਲਈ ਜਾਨਾਂ ਵਾਰਨ ਤੋਂ ਪਿੱਛੇ ਨਹੀਂ ਹਟੇ ਸਨ। ਉਹਨਾਂ ਨੇ ਆਪਣੇ ਜੀਵਨ ਵਿੱਚ ਕਦੇ ਵੀ ਕੋਈ ਸਮਝੌਤਾ ਕਰ, ਕੁਰਸੀ 'ਤੇ ਬੈਠਣਾ ਮੁਨਾਸਿਬ ਨਹੀਂ ਸਮਝਿਆ। ਉਹਨਾਂ ਦੇ ਸ਼ਹੀਦੀ ਦਿਹਾੜੇ ਤਾਂ ਸਹੀ ਅਰਥਾਂ ਵਿੱਚ ਮਨਾ ਲਵੋ।

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਕੁਰਬਾਨੀ...**
ਕੁਰਬਾਨੀਆਂ ਦੇਣ ਵਾਲੀ ਕੌਮ ਕਦੀ ਖਤਮ ਨਹੀਂ ਹੁੰਦੀ। ਦੂਜਿਆਂ ਲਈ ਕੁਰਬਾਨ ਹੋਣ ਲਈ ਜ਼ਜਬਾ , ਜ਼ੁਅਰਤ, ਜਨੂਨ , ਜਲੌਅ ਅਤੇ ਜੋਸ਼ ਦੀ ਜਰੂਰਤ ਹੁੰਦੀ ਹੈ॥ ਕਾਇਰ,ਕਮੀਨਾ, ਕਮਜ਼ੋਰ, ਕਲੋਲੀ ਤੇ ਕਾਨੂੰਨੀ ਬੰਦਾ ਭੁੱਲ ਕੇ ਵੀ ਕੁਰਬਾਨੀ ਦੇ ਰਾਹ ਨਹੀਂ ਪੈਂਦਾ । ਖੁੱਦ ਲਈ ਕੁਰਬਾਨ ਹੋਣ ਦੇ ਜ਼ਜਬੇ 'ਚੋਂ ਹੀ ਬਾਕੀਆਂ ਲਈ ਕੁਰਬਾਨ ਹੋਣ ਦਾ ਕੌਲ ਜਾਗਦੈ॥ ਦੇਸ਼ ਜਾਂ ਕੌਮ ਲਈ ਕੁਰਬਾਨ ਹੋਣ ਵਾਲੇ ਰਹਿੰਦੀ ਦੁਨੀਆਂ ਤੱਕ ਲੋਕਾਂ ਦੇ ਦਿਲਾਂ 'ਤੇ ਰਾਜ ਕਰਦੇ ਨੇ। ਬਾਕੀਆਂ ਲਈ ਪ੍ਰੇਰਨਾ ਸਰੋਤ ਵੀ ਬਣ ਜਾਂਦੇ ਨੇ। ਮਾਂ ਦਾ ਆਪਣੇ ਬੱਚਿਆਂ ਤੋਂ ਕੁਰਬਾਨ ਹੋਣਾ ਸਹਿਜ ਸੁਭਾਅ ਹੁੰਦੈ॥

**ਕਰਜ਼ ...**
ਮਾਂ ਬਾਪ ਦਾ ਕਰਜ਼ ਬੰਦਾ ਆਪਾ ਵਾਰ ਕੇ ਵੀ ਨਹੀਂ ਉਤਾਰ ਸਕਦਾ। ਬੱਚਿਆਂ ਲਈ ਕੁਰਬਾਨ ਹੋਣਾ ਮਾਂ ਕੋਲੋ ਸਿੱਖੋ॥ ਕੰਮ ਵਧਦਾ ਰਹੇ। ਕਰਜ਼ ਉੱਤਰਦਾ ਰਹੇ। ਕੰਮ ਕਰਨ ਦਾ ਜ਼ਜ਼ਬਾ ਬਣਿਆ ਰਹੇ। ਤਜ਼ਰਬਾ ਹੁੰਦਾ ਰਹੇ। ਕਾਮਯਾਬੀ ਵੱਲ ਵੱਧਦੇ ਕਦਮਾਂ ਦੀ ਨਿਸ਼ਾਨੀ ਹੁੰਦੈ॥ ਕਰਜ਼ੇ ਦੀ ਪੰਡ ਦਾ ਭਾਰ ਘਟਦਾ ਰਹਿਣਾ। ਕੰਮ ਚਲਦਾ ਰਹਿਣਾ। ਚੜ੍ਹਦੀਕਲਾ ਦੀ ਨਿਸ਼ਾਨੀ ਹੁੰਦੀ ਹੈ॥
ਦਰਸ਼ਨ ਸਿੰਘ ਬਰੇਟਾ, ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

# ਦਸ ਸਾਲ ਪਹਿਲਾਂ ਪਤੀ ਗੁਆਇਆ ਅਤੇ ਹੁਣ ਦੋ ਜਵਾਨ ਪੁੱਤ; ਜਾਇਦਾਦ ਦੇ ਨਾਂ 'ਤੇ ਬਚੀ ਸੀ ਸਿਰਫ਼...(ਪੰਜਾਬੀ ਅਨੁਵਾਦ: #ਮੀਤ_ਅਨਮੋਲ )



ਦੋ ਜਵਾਨ ਪੁੱਤ ਮਰ ਗਏ ਸਨ। ਦਸ ਸਾਲ ਪਹਿਲਾਂ, ਉਸਦਾ ਪਤੀ ਵੀ ਚੱਲ ਵੱਸਿਆ ਸੀ। ਜਾਇਦਾਦ ਦੇ ਨਾਮ 'ਤੇ ਉਸ ਕੋਲ ਬਚੀ ਸੀ ਸਿਰਫ਼ ਇੱਕ ਸਿਲਾਈ ਮਸ਼ੀਨ। ਸੱਤਰ ਸਾਲਾਂ ਦੀ ਪਾਰੋ ਸਾਰੇ ਪਿੰਡ ਦੇ ਕੱਪੜੇ ਸਿਉਂਦੀ ਸੀ। ਬਦਲੇ ਵਿੱਚ ਕੋਈ ਉਸਨੂੰ ਚੌਲ ਦੇ ਜਾਂਦਾ, ਕੋਈ ਕਣਕ ਜਾਂ ਬਾਜਰਾ। ਸਿਲਾਈ ਕਰਦਿਆਂ ਉਸਦੀ ਕਮਜ਼ੋਰ ਧੌਣ ਡਮਰੂ ਵਾਂਗ ਹਿੱਲਦੀ ਰਹਿੰਦੀ। ਉਸਦੇ ਬੂਹੇ ਅੱਗਿਓਂ ਜੋ ਵੀ ਲੰਘਦਾ ਉਹ ਉਸਨੂੰ "ਰਾਮ-ਰਾਮ" ਕਹਿਣਾ ਕਦੇ ਨਾ ਭੁੱਲਦੀ।
ਉਂਝ ਉਹ ਹਮੇਸ਼ਾ ਖੁਸ਼ ਰਹਿੰਦੀ, ਪਰ ਜਦੋਂ ਕੋਈ ਉਸ ਪ੍ਰਤੀ ਤਰਸ ਦਿਖਾਉਂਦਾ ਤਾਂ ਉਹ ਇੱਕ ਦਮ ਖਿੱਝ ਜਾਂਦੀ।
ਛੋਟੇ-ਛੋਟੇ ਬੱਚੇ ਉਸਦੇ ਬੂਹੇ ਅੱਗੇ ਆ ਕੇ ਹੰਗਾਮਾ ਕਰਦੇ, ਰੌਲਾ-ਰੱਪਾ ਪਾਉਂਦੇ ਪਰ ਪਾਰੋ ਕਦੇ ਵੀ ਉਨ੍ਹਾਂ ਨੂੰ ਬੁਰਾ-ਭਲਾ ਨਾ ਕਹਿੰਦੀ, ਸਗੋਂ ਉਹਨਾਂ ਨੂੰ ਵੇਖ-ਵੇਖ ਖੁਸ਼ ਹੁੰਦੀ।
ਇੱਕ ਦਿਨ ਸਰਪੰਚ ਜੀ ਕੁੜੀਆਂ ਦੇ ਸਕੂਲ ਲਈ ਚੰਦਾ ਇਕੱਠਾ ਕਰਨ ਲਈ ਪਿੰਡ ਵਿੱਚ ਨਿਕਲੇ, ਤਾਂ ਪਾਰੋ ਦੇ ਘਰ ਦੀ ਹਾਲਤ ਦੇਖ ਕੇ ਪਿਘਲ ਗਏ — ਕਹਿਣ ਲੱਗੇ, "ਚਾਚੀ, ਹੁਣ ਜਿਦ ਛੱਡ ਦੇ ਅਤੇ ਫਾਰਮ ਭਰ ਦੇ ਤਾਂ ਜੋ ਮੈਂ ਤੇਰੀ ਵਿਧਵਾ ਤੇ ਬੁਢਾਪਾ ਪੈਨਸ਼ਨ ਲਗਵਾ ਦਿਆਂ।"
ਪਾਰੋ ਵਿਲਕ ਕੇ ਬੋਲੀ, "ਰੱਬ ਨੇ ਮੈਨੂੰ ਦੋ ਹੱਥ ਦਿੱਤੇ ਹਨ। ਮੇਰੀ ਮਸ਼ੀਨ ਚਾਹੇ ਮੈਨੂੰ ਅੱਧਾ ਢਿੱਡ ਹੀ ਰੋਟੀ ਦਿੰਦੀ ਹੈ ਪਰ ਮੈਂ ਸੰਤੁਸ਼ਟ ਹਾਂ। ਮੈਂ ਕਿਸੇ ਅੱਗੇ ਹੱਥ ਕਿਉਂ ਅੱਡਾਂ?"
"ਕੀ ਤੁਸੀਂ ਇਹੀ ਕਹਿਣ ਆਏ ਹੋ?" ਹੁਣ ਪਾਰੋ ਜਿਵੇਂ ਚਾਹੁੰਦੀ ਸੀ ਕਿ ਸਰਪੰਚ ਉਸਦੇ ਘਰੋਂ ਚਲਾ ਜਾਵੇ।
"ਮੈਂ ਤਾਂ ਕੁੜੀਆਂ ਦੇ ਸਕੂਲ ਲਈ ਚੰਦਾ ਇਕੱਠਾ ਕਰਨ ਆਇਆ ਹਾਂ।" ਸਰਪੰਚ ਜੀ ਨੇ ਪਾਰੋ ਦੇ ਮੱਥੇ ਦੀਆਂ ਤਿਊੜੀਆਂ ਭਾਪਦੇ ਹੋਏ ਅਸਲ ਗੱਲ ਦੱਸੀ।
ਕੀ ਤੂੰ ਸੱਚੀਂ ਕੁੜੀਆਂ ਦਾ ਸਕੂਲ ਬਣਾਵੇਂਗਾ? ਪਾਰੋ ਦਾ ਝੁਰੜੀਆਂ ਵਾਲਾ ਚਿਹਰਾ ਇੱਕ ਦਮ ਸਵੇਰ ਦੀ ਧੁੱਪ ਵਾਂਗ ਚਮਕ ਉੱਠਿਆ।
"ਹਾਂ, ਇੱਕ ਨਾ ਇੱਕ ਦਿਨ ਤਾਂ ਜ਼ਰੂਰ ਬਣਾਵਾਂਗਾ, ਚਾਚੀ। ਬਸ ਤੇਰੇ ਆਸ਼ੀਰਵਾਦ ਦੀ ਲੋੜ ਹੈ।" ਸਰਪੰਚ ਜੀ ਨੇ ਸਕਾਰਾਤਮਕ ਲਹਿਜੇ ਵਿੱਚ ਕਿਹਾ।
ਪਾਰੋ ਗੋਡਿਆਂ ਨੂੰ ਹੱਥਾਂ ਨਾਲ ਸਹਾਰਾ ਦੇ ਕੇ ਉੱਠੀ। ਪੜਛੱਤੀ 'ਤੇ ਰੱਖੀ ਇੱਕ ਜੰਗਾਲੀ ਜਿਹੀ ਸੰਦੂਕਚੀ ਚੁੱਕ ਲਿਆਈ। ਕੁਝ ਦੇਰ ਵਿੱਚ ਪਏ ਕੱਪੜੇ ਫਰੋਲਣ ਤੋਂ ਬਾਅਦ, ਇੱਕ ਕੱਪੜੇ ਦਾ ਬਟੂਆ ਕੱਢਿਆ ਅਤੇ ਉਸ ਵਿੱਚ ਗੁੱਛੂ-ਮੁੱਛੂ ਕਰਕੇ ਰੱਖੇ 50-50, 100-100 ਦੇ ਨੋਟ ਕੱਢੇ ਤੇ ਸਰਪੰਚ ਜੀ ਦੀ ਤਲੀ 'ਤੇ ਰੱਖ ਦਿੱਤੇ, ਜੋ ਗਿਣਨ 'ਤੇ ਪਤਾ ਲੱਗਾ ਕਿ 2 ਕੁ ਹਜ਼ਾਰ ਰੁਪਏ ਸਨ।
ਸਰਪੰਚ ਜੀ ਪੈਸੇ ਲੈਣ ਤੋਂ ਝਿਜਕੇ। ਬਥੇਰੀ ਨਾਂਹ ਨੁੱਕਰ ਕੀਤੀ ਕਿ ਚਾਚੀ ਰਹਿਣ ਦਿਉ, ਤੁਹਾਨੂੰ ਇਨ੍ਹਾਂ ਦੀ ਵੱਧ ਲੋੜ ਹੈ।
"ਪੁੱਤਰ, ਸੋਚਿਆ ਸੀ ਮਰਨ ਤੋਂ ਪਹਿਲਾਂ ਇੱਕ ਵਾਰ ਗੰਗਾ ਨਹਾ ਆਵਾਂਗੀ। ਮੈਂ ਇਹ ਪੈਸੇ ਇਸੇ ਲਈ ਬਚਾ ਕੇ ਰੱਖੇ ਸਨ।" ਕਹਿੰਦੇ ਹੋਏ ਪਾਰੋ ਆਪਣੀ ਸਲਾਈ ਮਸ਼ੀਨ ਕੋਲ ਰੱਖੇ ਬੈਂਚ 'ਤੇ ਬੈਠ ਗਈ।
"ਫਿਰ ਇਹ ਪੈਸੇ ਮੈਨੂੰ ਕਿਉਂ ਦੇ ਰਹੀ ਹੈਂ, ਚਾਚੀ? ਗੰਗਾ ਨਹਾਉਣ ਨਹੀਂ ਜਾਵੇਂਗੀ?" ਹੈਰਾਨ ਜਿਹੇ ਹੋ ਕੇ ਸਰਪੰਚ ਜੀ ਨੇ ਕਿਹਾ।
"ਪੁੱਤ, ਸਕੂਲ ਬਣ ਜਾਵੇਗਾ। ਇਸ ਤੋਂ ਵੱਡਾ ਗੰਗਾ ਇਸ਼ਨਾਨ ਹੋਰ ਕੀ ਹੋ ਸਕਦਾ ਹੈ?" ਕਹਿ ਕੇ ਪਾਰੋ ਕੱਪੜੇ ਸਿਲਾਈ ਕਰਨ ਵਿੱਚ ਰੁੱਝ ਗਈ।
— ਕਿਸੇ ਅਣਜਾਣ ਲੇਖਕ ਦੀ ਹਿੰਦੀ ਪੋਸਟ ਦਾ ਧੰਨਵਾਦ ਸਹਿਤ ਪੰਜਾਬੀ ਅਨੁਵਾਦ: #ਮੀਤ_ਅਨਮੋਲ

# ਵਰਫ ਕਾਨੂੰਨ ਚ ਵੱਡੇ ਬਦਲਾਅ ਕੀ ਦਰਸਾਉਂਦੇ ਹਨ?



ਕੇਂਦਰ ਸਰਕਾਰ ਨੇ ਅੱਜ ਲੋਕ ਸਭਾ ਚ ਵਕਫ ਬੋਰਡ ਸੋਧ ਬਿੱਲ ਪੇਸ਼ ਕੀਤਾ । ਕਾਂਗਰਸ ਤੇ ਸਪਾ ਸਮੇਤ ਕਈ ਪਾਰਟੀਆਂ ਨੇ ਇਸ ਦਾ ਵਿਰੋਧ ਕੀਤਾ। ਸਰਕਾਰ ਦਾ ਕਹਿਣਾ ਕਿ ਇਸ ਬਿੱਲ ਦੇ ਜ਼ਰੀਏ ਸਰਕਾਰ ਦੇਸ਼ ਦੇ ਵਕਫ ਬੋਰਡਾਂ ਦੀ ਪੂਰੀ ਪ੍ਰਕਿਰਿਆ ਜੁਆਬਦੇਹ ਤੇ ਪਾਰਦਰਸ਼ੀ ਬਣਾਉਣਾ ਚਾਹੁੰਦੀ ਹੈ । ਵਕਫ (ਸੋਧ) ਬਿਲ 2024, ਵਕਫ ਐਕਟ 1995 ਚ ਸੋਧ ਕਰਨ ਲਈ ਹੈ,ਜੋ ਸੂਬਾ ਸਰਕਾਰਾਂ ਵੱਲੋਂ ਸੂਬਾ ਪੱਧਰ ਤੇ ਵਕਫ ਬੋਰਡਾਂ ਚ ਇੱਕ ਗੈਰ ਮੁਸਲਮਾਨ ਮੁੱਖ ਕਾਰਜਕਾਰੀ ਅਧਿਕਾਰੀ ਅਤੇ ਘੱਟੋ ਘੱਟ ਦੋ ਗੈਰ ਮੁਸਲਮਾਨ ਮੈਂਬਰਾਂ ਨੂੰ ਨਿਯੁਕਤ ਕਰਨ ਦੀ ਆਗਿਆ ਦੇਣ ਦਾ ਪ੍ਰਸਤਾਵ ਰੱਖਦਾ ਹੈ। ਇਸ ਤੋਂ ਇਲਾਵਾ ਪ੍ਰਸਤਾਵਿਤ ਪ੍ਰਮੁੱਖ ਬਦਲਾਅ ਚ ਜਿਲ੍ਹਾ ਕਰੈਕਟਰ/ਡੀਐਮ ਨੂੰ ਇਹ ਜਾਂਚ ਕਰਨ ਦੀ ਸ਼ਕਤੀ ਦੇਣਾ ਹੈ ਕਿ ਕੋਈ ਜਾਇਦਾਦ ਵਕਫ ਬੋਰਡ ਦੀ ਹੈ ਜਾਂ ਕਿ ਸਰਕਾਰੀ ਜਮੀਨ । ਪ੍ਰਸਤਾਵਿਤ ਬਿੱਲ ਚ ਇਹ ਕਿਹਾ ਗਿਆ ਹੈ ਕਿ ਜੇ ਡੀਐਮ ਇਹ ਨਿਰਧਾਰਿਤ ਕਰਦੇ ਹਨ ਕਿ ਜਾਇਦਾਦ ਸਰਕਾਰੀ ਜਾਇਦਾਦ ਹੈ ਤਾਂ ਉਹ ਰੈਵਨਿਊ ਰਿਕਾਰਡ ਚ ਜਰੂਰੀ ਸੁਧਾਰ ਕਰਨਗੇ ਤੇ ਸੰਬੰਧਤ ਸੂਬਾ ਸਰਕਾਰ ਨੂੰ ਰਿਪੋਰਟ ਪੇਸ਼ ਕਰਨਗੇ । ਇੱਕ ਉਪ ਧਾਰਾ ਤੇ ਇਹ ਵੀ ਕਿਹਾ ਗਿਆ ਹੈ ਕਿ ਅਜਿਹੀ ਜਾਇਦਾਦ ਨੂੰ ਉਦੋਂ ਤੱਕ Zਵਕਫ ਜਾਇਦਾਦ ਤੇ ਰੂਪ ਵਿੱਚ ਨਹੀਂ ਮੰਨਿਆ ਜਾਵੇਗਾ ਜਦੋਂ ਤੱਕ ਕਿ ਡੀਐਮ ਆਪਣੀ ਰਿਪੋਰਟ ਪੇਸ਼ ਨਹੀਂ ਕਰ ਦਿੰਦੇ । ਇਸ ਦਾ ਮਤਲਬ ਇਹ ਹੈ ਕਿ ਜਦੋਂ ਤੱਕ ਸਰਕਾਰ ਇਸ ਮੁੱਦੇ ਤੇ ਫੈਸਲਾ ਨਹੀਂ ਕਰ ਲੈਂਦੀ ਉਦੋਂ ਤੱਕ ਕੋਈ ਵਿਵਾਦਿਤ ਜਮੀਨ ਤੇ ਵਕਫ ਬੋਰਡ ਦਾ ਕੰਟਰੋਲ ਨਹੀਂ ਹੋ ਸਕਦਾ । ਵਕਫ ਬੋਰਡ ਵਕਫ ਜਾਇਦਾਦ ਦੇ ਪ੍ਰਬੰਧਨ ਦਾ ਕੰਮ ਕਰਦਾ ਹੈ । ਇਹ ਇੱਕ ਕਾਨੂੰਨੀ ਇਕਾਈ ਹੈ। ਹਰ ਇੱਕ ਸੂਬੇ ਚ ਵਕਫ ਬੋਰਡ ਹੁੰਦਾ ਹੈ । ਵਕਫ ਬੋਰਡ ਚ ਜਾਇਦਾਦਾਂ ਦੀ ਰਜਿਸਟਰੇਸ਼ਨ ਲਾਜ਼ਮੀ ਹੈ। ਬੋਰਡ ਜਾਇਦਾਦਾਂ ਦੀ ਰਜਿਸਟਰੇਸ਼ਨ,ਪ੍ਰਬੰਧਨ ਤੇ ਹਿਫਾਜਤ ਕਰਦਾ ਹੈ। ਸੂਬਿਆਂ ਚ ਬੋਰਡ ਦੀ ਅਗਵਾਈ ਚੇਅਰਮੈਨ ਕਰਦਾ ਹੈ । ਦੇਸ਼ ਚ ਸ਼ੀਆ ਤੇ ਸੁੰਨੀ ਦੋ ਤਰ੍ਹਾਂ ਦੇ ਵਕਫ ਬੋਰਡ ਹਨ । ਵਕਫ ਬੋਰਡ ਨੂੰ ਮੁਕਦਮਾ ਕਰਨ ਦੀ ਸ਼ਕਤੀ ਵੀ ਹੈ । ਚੇਅਰਮੈਨ ਤੋਂ ਇਲਾਵਾ ਬੋਰਡ ਚ ਸੂਬਾ ਸਰਕਾਰ ਦਾ ਮੈਂਬਰ,ਮੁਸਲਮਾਨ ਵਿਧਾਇਕ, ਸੰਸਦ ਮੈਂਬਰ, ਸੂਬਾ ਬਾਰ ਕੌਂਸਲ ਦੇ ਮੈਂਬਰ,ਇਸਲਾਮੀ ਵਿਦਵਾਨ ਤੇ ਮੁਤਵਲੀ ਨੂੰ ਸ਼ਾਮਲ ਕੀਤਾ ਜਾਂਦਾ ਹੈ । ਦੇਸ਼ ਵਿੱਚ ਸਭ ਤੋਂ ਪਹਿਲੀ ਵਾਰ 1954 ਚੋਂ ਵਕਫ ਐਕਟ ਬਣਿਆ । ਇਸ ਦੇ ਤਹਿਤ ਵਕਫ ਬੋਰਡ ਦਾ ਵੀ ਜਨਮ ਹੋਇਆ । ਬੋਰਡ ਦਾ ਮਕਸਦ ਵਕਫ ਨਾਲ ਜੁੜੇ ਕੰਮ=ਕਾਜ ਨੂੰ ਸਰਲ ਬਣਾਉਣਾ ਸੀ । ਐਕਟ ਚ ਵਕਫ ਦੀ ਜਾਇਦਾਦ ਤੇ ਵੇਰਵੇ ਅਤੇ ਰੱਖ-ਰਖਾਅ ਤੱਕ ਦੀ ਵਿਵਸਥਾ ਹੈ । 1955 ਚ ਪਹਿਲੀ ਸੋਧ ਕੀਤੀ ਗਈ । 1995 ਚ ਇੱਕ ਨਵਾਂ ਵਕਫ ਬੋਰਡ ਐਕਟ ਬਣਾਇਆ ਗਿਆ,ਇਸ ਦੇ ਤਹਿਤ ਹਰ ਸੂਬੇ/ਕੇਂਦਰ ਸ਼ਾਸਿਤ ਪ੍ਰਦੇਸ਼ ਚ ਵਕਫ ਬੋਰਡ ਬਣਾਉਣ ਦੀ ਆਗਿਆ ਦਿੱਤੀ ਗਈ । ਬਾਅਦ ਚ ਸਾਲ 2013 ਇਸ ਵਿੱਚ ਸੋਧ ਕੀਤੀ ਗਈ ਸੀ । ਪ੍ਰਸਤਾਵਿਤ ਸੋਧ ਭਾਰਤੀ ਸੰਵਿਧਾਨ ਦੁਆਰਾ ਪ੍ਰਾਪਤ ਧਾਰਮਿਕ ਸੁਤੰਤਰਤਾ ਦੇ ਖਿਲਾਫ ਹੈ। ਸਰਕਾਰ ਵਕਫ ਰਾਹੀਂ ਮਿਲਣ ਵਾਲੇ ਧਨ ਨੂੰ ਮੁਸਲਮਾਨਾਂ ਚ ਵੰਡੇਗੀ ਜੋ ਧਾਰਮਿਕ ਮਾਮਲਿਆਂ ਚ ਦਖਲ ਹੈ ਅਤੇ ਇਹ ਮੁਸਲਮਾਨਾਂ ਨੂੰ ਮਨਜ਼ੂਰ ਨਹੀਂ ਹੈ । ਵਕਫ ਐਕ 1995 ਦੀ ਧਾਰਾ 40 ਨੂੰ ਹਟਾਉਣ ਦਾ ਪ੍ਰਸਤਾਵ ਹੈ ।ਇਹ ਧਾਰਾ ਤਹਿਤ ਬੋਰਡ ਨੂੰ ਸ਼ਕਤੀਆਂ ਸਨ ਕਿ ਉਹ ਕਿਸੇ ਵੀ ਜਾਇਦਾਦ ਤੇ ਵਕਫ ਜਾਇਦਾਦ ਹੋਣ ਦਾ ਫੈਸਲਾ ਲੈ ਸਕੇ । ਬਿੱਲ ਚ ਇੱਕ ਕੇਂਦਰੀ ਪੋਰਟਲ ਅਤੇ ਡੇਟਾਬੇਸ ਰਾਹੀਂ ਵਕਫ ਜਾਇਦਾਦਾਂ ਦੀ ਰਜਿਸਟਰੇਸ਼ਨ ਦਾ ਪ੍ਰਸਤਾਵ ਹੈ । ਨਵੇਂ ਐਕਟ ਦੇ ਲਾਗੂ ਹੋਣ ਦੇ ਛੇ ਮਹੀਨਿਆਂ ਦੇ ਅੰਦਰ ਕੇਂਦਰੀ ਪੋਰਟਲ ਤੇ ਜਾਇਦਾਦਾਂ ਦਾ ਵੇਰਵਾ ਦਰਜ ਕਰਨਾ ਹੋਵੇਗਾ । ਇਸ ਬਿੱਲ ਦੀਆਂ ਨਵੀਆਂ ਧਾਰਾਵਾਂ ਤਿੰਨ-ਏ,3-ਬੀ ਤੇ ਤਿੰਨ-ਸੀ ਸ਼ਾਮਿਲ ਕਰਨ ਦੀ ਵਿਵਸਥਾ ਹੈ । ਇਹ ਧਾਰਾਵਾਂ ਵਕਫ ਦੀਆਂ ਕੁਝ ਸ਼ਰਤਾਂ,ਪੋਰਟਲ ਅਤੇ ਡਾਟਾਬੇਸ ਤੇ ਵਕਫ ਦਾ ਵੇਰਵਾ ਦਰਜ ਕਰਨ ਅਤੇ ਵਕਫ ਦੀ ਗਲਤ ਘੋਸ਼ਣਾ ਨਾਲ ਜੁੜੀਆਂ ਹਨ । ਵਕਫ ਚ ਬਿੱਲ ਦੀ ਗਲਤ ਘੋਸ਼ਣਾ ਨੂੰ ਰੋਕਣ ਦੀ ਵਿਵਸਥਾ ਹੈ। ਹੁਣ ਕਿਸੇ ਵੀ ਜਾਇਦਾਦ ਨੂੰ ਵਕਫ ਜਾਇਦਾਦ ਵਜੋਂ ਰਜਿਸਟਰ ਕਰਨ ਤੋਂ ਪਹਿਲਾਂ ਸਾਰੇ ਸਬੰਧਤਾਂ ਨੂੰ ਸਹੀ ਜਾਣਕਾਰੀ ਦੇਣੀ ਹੋਵੇਗੀ।
ਕੇਂਦਰੀ ਵਕਫ ਕੌਂਸਲ ਚ ਸ਼ਾਮਿਲ ਸੰਸਦ ਮੈਂਬਰਾਂ ਦਾ ਹੁਣ ਮੁਸਲਮਾਨ ਹੋਣਾ ਲਾਜ਼ਮੀ ਨਹੀਂ ਹੋਵੇਗਾ । ਕੇਂਦਰੀ ਵਕਫ ਕੌਂਸਲ (ਜੋ ਕੇਂਦਰ ਸਰਕਾਰ,ਸੂਬਾ ਸਰਕਾਰਾਂ ਅਤੇ ਵਰਕ ਬੋਰਡਾਂ ਨੂੰ ਸਲਾਹ ਦੇਣ ਦਾ ਕੰਮ ਕਰਦੀ ਹੈ) ਦੀ ਸਥਾਪਨਾ ਤੇ ਗਠਨ ਲਈ ਪ੍ਰਸਤਾਵਿਤ ਬਿੱਲ ਦਾ ਮਕਸਦ ਕੇਂਦਰ ਨੂੰ ਤਿੰਨ ਸੰਸਦ ਮੈਂਬਰਾਂ (ਦੋ ਲੋਕ ਸਭਾ ਤੋਂ ਤੇ ਇੱਕ ਰਾਜ ਸਭਾ ਤੋਂ) ਨੂੰ ਬਿਨਾਂ ਉਹਨਾਂ ਦੇ ਮੁਸਲਮਾਨ ਹੋਣ ਦੀ ਲਾਜਮੀਅਤ ਦੇ ਸ਼ਾਮਿਲ ਕਰ ਦੀ ਸ਼ਕਤੀ ਦੇਣਾ ਹੈ । ਮੂਲ ਐਕਟ ਚ ਕੌਂਸਲ ਚ ਸ਼ਾਮਿਲ ਕੀਤੇ ਜਾਣ ਵਾਲੇ ਤਿੰਨ ਸੰਸਦ ਮੈਂਬਰਾਂ ਦਾ ਮੁਸਲਮਾਨ ਭਾਈਚਾਰੇ ਤੋਂ ਹੋਣਾ ਲਾਜਮੀ ਸੀ । ਇਹ ਐਕਟ ਮਹਾਰਾਸ਼ਟਰ ਤੇ ਹਰਿਆਣਾ ਚੋਣਾਂ ਨੂੰ ਧਿਆਨ ਚ ਰੱਖ ਕੇ ਬਣਾਇਆ ਜਾ ਰਿਹਾ ਹੈ । ਇਹ ਭਾਰਤ ਦੇ ਮੁਸਲਮਾਨਾਂ ਨੂੰ ਸਪਸ਼ਟ ਤੌਰ ਤੇ ਸਬਕ ਸਿਖਾਉਣ ਲਈ ਹੈ ।
ਇਹ ਸੰਘੀ ਪ੍ਰਣਾਲੀ ਤੇ ਹਮਲਾ ਹੈ। ਮੁਸਲਮਾਨਾਂ ਦਾ ਕਹਿਣਾ ਹੈ ਕਿ ਵਕਫ ਜਾਇਦਾਦ ਜਨਤਕ ਜਾਇਦਾਦ ਨਹੀਂ ਹੈ । ਵਕਫ ਜਾਇਦਾਦ ਦਾ ਮਤਲਬ ਹੈ ਮਸਜਿਦ ਤੇ ਦਰਗਾਹ ਦੀ ਜਗ੍ਹਾ । ਸਰਕਾਰ ਕਹਿ ਰਹੀ ਹੈ ਕਿ ਅਸੀਂ ਔਰਤਾਂ ਨੂੰ ਮੈਂਬਰ ਬਣਾਵਾਂਗੇ ਕਿ ਉਹ ਬਿਲਕਿਸ ਬਾਨੋ ਨੂੰ ਮੈਂਬਰ ਬਣਾਉਣਗੇ ? ਇਹ ਸਰਕਾਰ ਮੁਸਲਮਾਨਾਂ ਦੀ ਦੁਸ਼ਮਣ ਹੈ । ਇਹ ਬਿੱਲ ਧਾਰਾ 30 ਦੀ ਸਿੱਧੀ ਉਲੰਘਣਾ ਹੈ,ਜੋ ਘੱਟ ਗਿਣਤੀਆਂ ਨੂੰ ਆਪਣੇ ਅਦਾਰਿਆਂ ਦਾ ਪ੍ਰਸ਼ਾਸਨ ਕਰਨ ਨਾਲ ਸੰਬੰਧਿਤ ਹੈ। ਇਹ ਬਿੱਲ ਇੱਕ ਵਿਸ਼ੇਸ਼ ਧਾਰਮਿਕ ਸਮੂਹ ਨੂੰ ਟਾਰਗੇਟ ਕਰ ਰਿਹਾ ਹੈ । ਇਹ ਬਿੱਲ ਸੋਚੀ ਸਮਝੀ ਰਾਜਨੀਤੀ ਤਹਿਤ ਪੇਸ਼ ਹੋ ਰਿਹਾ ਹੈ । ਵਕਫ ਚ ਗੈਰ ਮੁਸਲਮਾਨਾਂ ਨੂੰ ਸ਼ਾਮਿਲ ਕਰਨਾ ਤਰਕ ਸੰਗਤ ਨਹੀਂ ਹੈ । ਜੋ ਤੁਸੀਂ ਜਿਲ੍ਹਾ ਮਜਿਸਟ੍ਰੇਟ ਨੂੰ ਪਾਵਰ ਦਿੰਦੇ ਹੋ ਤਾਂ ਗੜਬੜ ਹੋਵੇਗੀ ਹੀ । ਪਹਿਲੇ ਚੱਲ ਰਹੇ ਐਕਟ ਚ ਕਿਸੇ ਗੈਰ ਮੁਸਲਿਮ ਨੂੰ ਮੁੱਖ ਕਾਰਜਕਾਰੀ ਅਧਿਕਾਰੀ (ਸੀਈਓ) ਨਿਯੁਕਤ ਨਹੀਂ ਕੀਤਾ ਜਾ ਸਕਦਾ ਸੀ । ਹੁਣ ਬਿੱਲ ਦੇ ਸੈਕਸ਼ਨ 15 ਵਿੱਚ ਧਾਰਾ 23 ਵਿਚ ਸੋਧ ਕਰਨ ਦਾ ਪ੍ਰਸਤਾਵ ਹੈ । ਸੈਕਸ਼ਨ 23 ਸੀਈਓ ਦੀ ਨਿਯੁਕਤੀ, ਉਸ ਦੇ ਅਹੁਦੇ ਦੀ ਮਿਆਦ ਅਤੇ ਸੇਵਾ ਦੀਆਂ ਹੋਰਾਂ ਸ਼ਰਤਾਂ ਨਾਲ ਸੰਬੰਧਿਤ ਹੈ । ਇਹ ਵਿਵਸਥਾ ਕੀਤੀ ਗਈ ਹੈ ਕਿ ਸੀਈਓ ਰਾਜ ਸਰਕਾਰ ਦੇ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਘੱਟ ਨਹੀਂ ਹੋਵੇਗਾ ਤੇ ਉਸ ਦੇ ਕਿਸੇ ਵੀ ਧਰਮ ਭਾਵ ਮੁਸਲਮਾਨ ਹੋਣ ਦੀ ਲੋੜ ਨੂੰ ਹਟਾ ਦਿੱਤਾ ਜਾਵੇਗਾ । ਬਿੱਲ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਵਕਫ ਜਾਇਦਾਦ ਵਜੋਂ ਪਛਾਣੀ ਗਈ ਜਾਂ ਐਲਾਨ ਕੀਤੀ ਕਿਸੇ ਵੀ ਸਰਕਾਰੀ ਜਾਇਦਾਦ ਨੂੰ ਵਕਫ ਸੰਪਤੀ ਨਹੀਂ ਮੰਨਿਆ ਜਾਵੇਗਾ,ਹਾਲਾਂ ਕਿ ਸੋਧ ਚ ਕਿਹਾ ਗਿਆ ਹੈ ਕਿ ਵਿਵਾਦ ਦੀ ਸਥਿਤੀ ਚ ਇਹ ਨਿਰਨਾ ਕੋਲੈਕਟਰ ਕਰੇਗਾ ਨਾ ਕਿ ਵਕਫ ਟ੍ਰਿਬਿਊਨਲ ਲ
1995 ਐਕਟ ਦੇ ਤਹਿਤ ਇਹ ਫੈਸਲਾ ਵਿਸ਼ੇਸ਼ ਤੌਰ ਤੇ ਵਕਫ ਟ੍ਰਿਬਿਊਨਲ ਵੱਲੋਂ ਲਿਆ ਜਾਂਦਾ ਹੈ ਤੇ ਐਕਟ ਦੀ ਤਰ੍ਹਾਂ 6 ਅਨੁਸਾਰ ਅਜਿਹੇ ਮਾਮਲਿਆਂ ਚ ਟ੍ਰਿਬਿਊਨਲ ਦਾ ਫੈਸਲਾ ਅੰਤਿਮ ਹੁੰਦਾ ਹੈ। ਇਸਲਾਮਿਕ ਕਾਨੂੰਨ ਚ ਵਕਫ ਦੇ ਤੌਰ ਤੇ ਕਿਸੇ ਜਾਇਦਾਦ ਦਾ ਨਿਰਧਾਰਨ ਵੱਡੇ ਪੱਧਰ ਤੇ ਮੌਖਿਕ ਰੂਪ ਨਾਲ ਕੀਤਾ ਜਾਂਦਾ । ਜਦੋਂ ਤੱਕ ਕਿ ਦਸਤਾਵੇਜ ਮਿਆਰੀ ਮਾਪਦੰਡ ਨਹੀਂ ਬਣ ਜਾਂਦੇ । ਉਦਾਹਰਨ ਲਈ ਵਕਫਨਾਮੇ ਦੀ ਘਾਟ ਚ ਵੀ ਇੱਕ ਮਸਜਿਦ ਨੂੰ ਵਕਫ ਜਾਇਦਾਦ ਪੰਚਾਇਤਾਂ ਮੰਨਿਆ ਜਾ ਸਕਦਾ ਹੈ,ਜੇਕਰ ਵਰਤੋਂ ਇਸ ਰੂਪ ਚ ਕੀਤੀ ਜਾਂਦੀ ਹੈ । ਨਵਾਂ ਬਿੱਲ "ਉਪਯੋਗ ਦੁਆਰਾ ਵਕਫ" ਨਾਲ ਸੰਬੰਧਿਤ ਵਿਵਸਥਾਵਾਂ ਨੂੰ ਹਟਾ ਕੇ ਵੈਲਡ ਵਕਫਨਾਮੇ ਦੀ ਘਾਟ ਚ ਵਕਫ ਜਾਇਦਾਦ ਨੂੰ ਸ਼ੱਕੀ ਰੂਪ ਚ ਦੇਖਦਾ ਹੈ । ਧਾਰਾ 170 ਤਹਿਤ 1995 ਐਕਟ ਨੇ ਲਿਮੀਟੇਸ਼ਨ ਐਕਟ ਨੂੰ ਵਕਫ ਤੇ ਲਾਗੂ ਕਰਨ ਤੋਂ ਰੋਕ ਦਿੱਤਾ ਹੈ,ਹਾਲਾਂ ਕਿ ਨਵੇਂ ਬਿੱਲ ਦੇ ਤਹਿਤ ਰੁਕਾਵਟ ਨੂੰ ਹਟਾਉਣ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਸ ਦਾ ਮਤਲਬ ਇਹ ਹੋਏਗਾ ਕਿ ਵਕਫ ਜਾਇਦਾਦ ਤੇ ਕਬਜ਼ਾ ਕਰਨ ਵਾਲਿਆਂ ਨੂੰ ਉਸ ਜ਼ਮੀਨ ਤੇ ਰਿਵਰਸ ਪੌਜੇਸ਼ਨ ਮੰਗਣ ਦਾ ਅਧਿਕਾਰ ਹੋਵੇਗਾ ਅਤੇ 12 ਸਾਲਾਂ ਬਾਅਦ ਵਕਫ ਬੋਰਡ ਵੱਲੋਂ ਦਾਅਵਿਆਂ ਤੇ ਰੋਕ ਲਾ ਦਿੱਤੀ ਜਾਵੇਗੀ । ਮੀਡੀਆ ਰਿਪੋਰਟਾਂ ਅਨੁਸਾਰ ਦੇਸ਼ ਚ ਵਕਫ ਬੋਰਡ ਕੋਲ ਅੱਠ ਏਕੜ ਤੋਂ ਜਿਆਦਾ ਜਮੀਨ ਹੈ । ਇਹਨਾਂ ਵਿੱਚ ਜ਼ਿਆਦਾਤਰ ਮਸਜਿਦਾਂ,ਮਦਰੱਸੇ ਅਤੇ ਕਬਰਿਸਤਾਨ ਸ਼ਾਮਿਲ ਹਨ । ਵਕਫ ਬੋਰਡ ਦੀ ਅੰਦਾਜ਼ਨ ਦੀ ਜਾਈਦਾਦ ਦੀ ਕੀਮਤ 1.2 ਲੱਖ ਕਰੋੜ ਰੁਪਏ ਹੈ। ਦੇਸ਼ ਚ ਉਤਰ ਪ੍ਰਦੇਸ਼ ਤੇ ਬਿਹਾਰ ਚ ਦੋ ਸ਼ੀਆ ਵਕਫ ਬੋਰਡਾਂ ਸਮੇਤ ਕੁੱਲ 32 ਵਕਫ ਬੋਰਡ ਹਨ । ਰੇਲਵੇ ਤੇ ਰੱਖਿਆ ਵਿਭਾਗ ਤੋਂ ਬਾਅਦ ਦੇਸ਼ ਚ ਵਕਫ ਬੋਰਡ ਕੋਲ ਸਭ ਤੋਂ ਵੱਧ ਜਾਇਦਾਦ ਹੈ । ਇਸ ਜਾਇਦਾਦ ਤੇ ਹੁਣ ਸਰਕਾਰ ਦੀ ਅੱਖ ਹੈ ਅਤੇ ਇਸ ਨੂੰ ਆਪਣੇ ਕਬਜ਼ੇ ਚ ਕਰਕੇ ਉਹ ਕਾਰਪੋਰੇਟਾਂ ਕੋਲ ਵੇਚ ਦੇਣਾ ਚਾਹੁੰਦੀ ਹੈ।

ਡਾ ਅਜੀਤਪਾਲ ਸਿੰਘ ਐਮ ਡੀ

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਪੀ.ਆਰ.ਟੀ.ਸੀ ਮੁਲਾਜਮਾ ਨੇ ਸ਼ਹੀਦੇ ਆਜਮ ਭਗਤ ਸਿੰਘ ਨੂੰ ਗੇਟ ਰੈਲੀ ਕਰਕੇ ਕੀਤੀ ਸ਼ਰਧਾਂਜਲੀ ਭੇਟ



## ਆਗੂਆਂ ਤੇ ਨਜਾਇਜ ਪਰਚੇ ਕਰਕੇ ਜੇਲਾਂ ਵਿੱਚ ਬੰਦ ਕਰਕੇ ਮੁਲਾਜ਼ਮਾਂ ਨਾਲ ਕੀਤਾ ਜਾ ਰਿਹਾ ਸ਼ੋਸ਼ਣ-ਰਣਜੀਤ ਸਿੰਘ ।

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 23 ਮਾਰਚ

ਪੰਜਾਬ ਰੋਡਵੇਜ਼ ਪਨਬਸ / ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ ਵੱਲੋਂ ਸੂਬਾ ਚੇਅਰਮੈਨ ਕੁਲਵਿੰਦਰ ਸਿੰਘ ਜੌਹਲ ਸੂਬੇ ਭਰ ਕੀਤੀਆਂ ਗਈਆਂ ਡਿਪੂਆ ਗੇਟ ਰੈਲੀਆ ਦੀ ਲੜੀ ਤਹਿਤ ਤਰਨਤਾਰਨ ਵਿਖੇ ਕੀਤੀ ਗਈ ਗੇਟ ਰੈਲੀ ਨੂੰ ਸੰਬੋਧਨ ਕਰਦਿਆਂ ਡੀਪੂ ਪ੍ਰਧਾਨ ਰਣਜੀਤ ਸਿੰਘ ਨੇ ਬੋਲਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਭਾਰਤ ਦੇ ਮਹਾਨ ਕ੍ਰਾਂਤੀਕਾਰੀ ਅਤੇ ਆਜ਼ਾਦੀ ਸੰਘਰਸ਼ ਦੇ ਪ੍ਰਮੁੱਖ ਹੀਰੋ ਸਨ ਜਿਨ੍ਹਾਂ ਦੇਸ਼ ਦੀ ਅਜ਼ਾਦੀ ਲਈ ਵੱਡਾ ਸੰਘਰਸ਼ ਲੜਦਿਆਂ 23 ਮਾਰਚ 1931 ਨੂੰ 23 ਸਾਲ ਦੀ ਉਮਰ ਵਿੱਚ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਦੀ ਕੁਰਬਾਨੀ ਨੇ ਦੇਸ਼ ਨੂੰ ਆਜ਼ਾਦੀ ਦੀ ਲੜਾਈ ਵਿੱਚ ਨਵੀਂ ਪ੍ਰੇਰਣਾ ਦਿੱਤੀ। ਅੱਜ ਵੀ ਉਨ੍ਹਾਂ ਦੀ ਦਿੱਤੀ ਕੁਰਬਾਨੀ ਨੂੰ ਪੂਰੇ ਭਾਰਤ ਵਿੱਚ ਯਾਦ ਕੀਤਾ ਜਾਂਦਾ ਹੈ। ਇਸ ਲਈ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲ ਕੇ ਜੱਥੇਬੰਦੀਆਂ ਸੰਘਰਸ਼ ਕਰਦੀਆਂ ਆ ਰਹੀਆਂ ਹਨ। ਉਸ ਸਮੇਂ ਅੰਗਰੇਜ਼ੀ ਰਾਜ ਸੀ ਪ੍ਰੰਤੂ ਅੰਗਰੇਜ ਤਾਂ ਚੱਲ ਗਏ ਪਰ ਕਾਲੇ ਭਾਰਤੀ ਅੱਜ ਵੀ ਭਾਰਤ ਨੂੰ ਲੁੱਟ ਕੇ ਲੋਕ ਤੰਤਰ ਦਾ ਘਾਂਣ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀ ਪੱਗ ਬੰਨ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਅਵਾਜ਼ ਨੂੰ ਦਬਾਉਣਾ ਦੀ ਕੋਸ਼ਿਸ਼ ਕਰ ਰਹੀ ਹੈ । ਪਬਲਿਕ ਤੇ ਤਸ਼ੱਦਦ ਕਰ ਰਹੀ ਹੈ ਪਿਛਲੇ ਸਮੇਂ ਦੌਰਾਨ ਕਿਲੋਮੀਟਰ(ਪ੍ਰਾਈਵੇਟ) ਬੱਸਾ ਨਾ ਪਾਉਣ ਦੇ ਵਿਰੁੱਧ ਸੰਘਰਸ਼ ਕਰਦੇ ਮੁਲਾਜ਼ਮਾਂ ਤੇ ਨਜਾਇਜ਼ ਪਰਚੇ ਦਰਜ ਕਰਕੇ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ ਤੇ ਅਵਾਜ਼ ਨੂੰ ਦਬਾਉਣਾ ਦੀ ਕੋਸ਼ਿਸ਼ ਕੀਤੀ, ਜਦੋ ਕਿ ਵਾਰ-ਵਾਰ ਮੀਟਿੰਗ ਦੇ ਵਿੱਚ ਕਿਲੋਮੀਟਰ ਸਕੀਮ ਬੱਸਾਂ ਨੂੰ ਘਾਟੇ ਬੰਦ ਸਾਬਤ ਕਰ ਚੁੱਕੇ ਹਾਂ ਪ੍ਰੰਤੂ ਸਾਬਕਾ ਟਰਾਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਆਪਣੇ ਨਿੱਜੀ ਨੇੜਤਾ ਪੁਗਾਉਣ ਵਾਸਤੇ ਆਪਣੇ ਕਰਿੰਦਿਆਂ ਨੂੰ ਖੁਸ਼ ਕਰਨ ਦੇ ਲਈ ਆਮ ਆਦਮੀ ਪਾਰਟੀ ਦਾ ਰੰਗ ਦੇ ਕੇ ਕਿਲੋਮੀਟਰ ਸਕੀਮ ਬੱਸਾਂ ਪਾਇਆ ਜਾ ਰਹੀਆਂ ਹਨ ਜ਼ੋ ਕਿ ਵਿਭਾਗ ਨੂੰ ਸਿੱਧੇ ਤੌਰ ਤੇ ਕਰੋੜਾਂ ਰੁਪਏ ਦਾ ਨੁਕਸਾਨ ਕਰ ਰਹੀਆਂ ਹਨ ਨੁਕਸਾਨ ਦੇ ਸਬੂਤ ਦੇਣ ਦੇ ਬਾਵਜੂਦ ਵੀ ਸੰਘਰਸ ਕਰਦੇ ਕਰਮਚਾਰੀਆਂ ਨੂੰ ਧੱਕੇ ਨਾਲ ਜੇਲ੍ਹਾਂ ਵਿੱਚ ਬੰਦ ਕਰਕੇ ਕਿਲੋਮੀਟਰ ਸਕੀਮ ਦਾ ਟੈਂਡਰ ਧੱਕੇਸ਼ਾਹੀ ਨਾਲ ਜਬਰੀ ਖੋਲਿਆ ਗਿਆ। ਉਨ੍ਹਾਂ ਅੱਗੇ ਹੋਰ ਕਿਹਾ ਕਿ ਆਪਣੀ ਚਹੇਤਿਆਂ ਨੂੰ ਲਾਭ ਦੇਣ ਲਈ ਵਿਭਾਗਾਂ ਦੀ ਲੁੱਟ ਕਰਵਾਉਣ ਲਈ ਟੈਂਡਰ ਲਾਉਣ ਦੀਆ ਕੋਸ਼ਿਸਾ ਕੀਤੀਆਂ ਜਾ ਰਹੀਆਂ ਹਨ।

ਪੰਜਾਬ ਮੁੱਖ ਮੰਤਰੀ ਪੰਜਾਬ ਅਤੇ ਹਰ ਮੰਤਰੀ ਵਿਧਾਨ ਸਭਾ ਸ਼ੈਸ਼ਨ ਦੌਰਾਨ ਇਹ ਕਹਿੰਦਾ ਹੈ ਕਿ ਆਊਟ ਸੋਰਸ ਠੇਕੇਦਾਰ ਰਾਹੀਂ ਮੁਲਾਜ਼ਮਾਂ ਦੀ ਲੁਟ ਹੁੰਦੀ ਹੈ ਜਦੋਂ ਕਿ ਠੇਕੇਦਾਰ ਪਿਛਲੀਆ ਸਰਕਾਰ ਦੇ ਮੰਤਰੀਆ ਦੇ ਆਪਣੇ ਚਹੇਤੇ ਰਿਸ਼ਤੇਦਾਰ ਹਨ। ਉਨ੍ਹਾਂ ਕਰਕੇ ਪਨਬਸ/ਪੀ ਆਰ ਟੀ ਸੀ ਦਾ 28 ਕਰੋੜ ਰੁਪਏ ਸਲਾਨਾ ਜੀ ਐ ਟੀ ਅਤੇ ਕਮਿਸ਼ਨ ਦੇ ਰੂਪ ਵਿੱਚ ਵਿਭਾਗਾਂ ਦੀ ਲੁੱਟ ਹੋ ਰਹੀ ਹੈ ਅਤੇ ਠੇਕੇਦਾਰਾ ਵੱਲੋ ਮੁਲਾਜ਼ਮਾਂ ਦਾ ਈ ਪੀ ਐਫ, ਈ ਐੱਸ ਆਈ ਸਮੇ ਸਿਰ ਜਮ੍ਹਾ ਨਾ ਕਰਵਾਕੇ ਅਤੇ ਤਨਖਾਹਾ ਵਿੱਚੋ ਨਜਾਇਜ ਕਟੌਤੀਆ ਕਰਕੇ ਮੁਲਾਜ਼ਮਾਂ ਦਾ ਸ਼ੋਸ਼ਣ ਕੀਤਾ ਜਾ ਰਿਹਾ ਹੈ। ਪਰ ਇਸ ਸਰਕਾਰ ਨੇ ਠੇਕੇਦਾਰਾਂ ਰਾਹੀਂ ਲੁੱਟ ਕਰਾਉਣ ਦੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਇਸ ਸਰਕਾਰ ਸਮੇ ਪਨਬਸ ਵਿਚ ਚਾਰ ਠੇਕੇਦਾਰ ਹੁਣ ਤੱਕ ਬਦਲੇ ਗਏ ਹਨ ਹਰੇਕ ਠੇਕੇਦਾਰ ਵਲੋਂ ਵਰਕਰਾਂ ਦੀ ਲੁੱਟ ਕੀਤੀ ਗਈ ਹੈ ਜਿਸ ਵਿੱਚ ਮੁਲਾਜ਼ਮਾਂ ਦੇ ਈ ਪੀ ਐਫ, ਈ ਐੱਸ ਆਈ ਅਤੇ ਸਕਿਊਰਟੀਆ ਦੇ ਕਰੋੜਾਂ ਰੁਪਏ ਠੇਕੇਦਾਰਾ ਰਾਹੀਂ ਠੱਗੀ ਮਾਰੀ ਗਈ ਹੈ। ਠੇਕੇਦਾਰ ਤੇ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਅਤੇ ਪੱਕੇ ਕਰਨ ਦਾ ਵਾਅਦਾ ਕਰਕੇ ਸੱਤਾ ਵਿਚ ਆਈ ਸਰਕਾਰ ਨੇ ਹੁਣ ਤੱਕ ਇੱਕ ਵੀ ਮੁਲਾਜ਼ਮ ਪੱਕਾ ਨਹੀ ਕੀਤਾ ਗਿਆ ਜ਼ੋ ਸਰਕਾਰ ਝੂਠੇ ਵਾਅਦੇ ਕਰਦੀ ਸੀ ਕਿ ਸਰਕਾਰ ਸੱਤਾ ਆਉਣ ਤੋਂ ਬਾਅਦ ਤੁਰੰਤ ਠੇਕੇਦਾਰੀ ਸਿਸਟਮ ਖਤਮ ਕਰਕੇ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰੇਗੀ। ਅਤੇ ਨਾਲ ਹੀ ਇਸ ਪੀ.ਆਰ.ਟੀ.ਸੀ ਮਨੇਜਮੈਂਟ ਵੱਲੋਂ ਮਿੰਨੀ ਬੱਸਾਂ ਪਾਉਣ ਦੀ ਕਮੇਟੀ ਗਠਿਤ ਕੀਤੀ ਗਈ ਜਿਸ ਵਿੱਚ ਜੱਥੇਬੰਦੀ ਆਗੂ ਨੂੰ ਸ਼ਾਮਲ ਕੀਤਾ ਗਿਆ ਜਦੋਂ ਜੰਥੇਬੰਦੀ ਆਗੂ ਆਪਣੇ ਤਰਕ ਰੱਖਣ ਦੀ ਕੋਸ਼ਿਸ਼ ਕੀਤੀ ਉਸ ਨੂੰ ਅਣਦੇਖਿਆਂ ਕੀਤਾ ਗਿਆ ਜਦੋਂ ਕਿ ਕਮੇਟੀ ਬੱਸਾਂ ਦੀ ਬਾਡੀ ਵਿੱਚ ਕਮੀਆਂ ਨੂੰ ਦੂਰ ਕਰਨ ਦੀ ਬਣੀ ਸੀ ਆਗੂ ਨੇ ਕਿਹਾ ਕਿ ਜਦੋਂ ਤੁਸੀਂ ਕੋਈ ਸੁਣਵਾਈ ਹੀ ਨਹੀਂ ਕਰਨ ਤੇ ਬੱਸ ਤੇ ਲੱਗੀ ਲਗਾਈ ਬਾਡੀ ਵਾਲੀ ਬੱਸ ਲੈਣੀ ਹੈ ਤਾਂ ਇਸ ਕਮੇਟੀ ਦਾ ਕੋਈ ਰੋਲ ਨਹੀਂ ਰਹਿ ਜਾਂਦਾ ਅਤੇ ਮਨੇਜਮੈਂਟ ਆਪਣੇ ਪੱਧਰ ਤੇ ਫ਼ੈਸਲਾ ਕਰੇ ਤਾਂ ਮਨੇਜਮੈਂਟ ਵੱਲੋਂ ਜਵਾਬ ਤਲਬੀ ਨੋਟਿਸ ਕੱਢ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਕੁਰੱਪਸ਼ਨ ਦੀ ਜੜ੍ਹ ਮਜ਼ਬੂਤ ਕਰਨ ਲਈ ਧੱਕੇ ਨਾਲ ਸਹਿਮਤੀ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਲੋਕਤੰਤਰ ਦਾ ਘਾਂਣ ਕੀਤਾ ਜਾ ਰਿਹਾ ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ। ਜਥੇਬੰਦੀ ਵੱਲੋ 30 ਮਾਰਚ ਨੂੰ ਸੂਬਾ ਪੱਧਰੀ ਮੀਟਿੰਗ ਕਰਕੇ ਅਗਲੇ ਸ਼ਘੰਰਸ਼ਾ ਲਈ ਸਮੁੱਚੇ ਆਗੂ ਵਰਕਰਾ ਨੂੰ ਲਾਮਬੰਦ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਬਲਜੀਤ ਸਿੰਘ, ਕੈਸੀਅਰ ਲਵਪ੍ਰੀਤ ਸਿੰਘ, ਬਲਜਿੰਦਰ ਸਿੰਘ ਨੇ ਬੋਲਦਿਆਂ ਕਿਹਾ ਕਿ 23 ਮਾਰਚ ਹੋ ਚੁੱਕੀ ਹੈ ਪੀ.ਆਰ.ਟੀ.ਸੀ ਵਿੱਚ ਕੰਮ ਕਰਦੇ ਮੁਲਾਜ਼ਮਾ ਦੀ ਹੁਣ ਤੱਕ ਤਨਖਾਹ ਖਾਤਿਆਂ ਵਿੱਚ ਨਹੀ ਪਾਈ ਗਈ ਨਿਗੁਣਿਆ ਤਨਖਾਹ ਤੇ ਕੰਮ ਕਰਦੇ ਮੁਲਾਜ਼ਮਾ ਦੇ ਠੰਡੇ ਹੋ ਰਹੇ ਹਨ ਸਰਕਾਰ ਤੇ ਮਨੇਜਮੈਂਟ ਨੂੰ ਕੋਈ ਚਿੰਤਾ ਨਹੀਂ ਹੈ । ਜਦੋਂ ਕਿ ਵਿਭਾਗਾ ਦਾ 12 ਸੋ ਕਰੋੜ ਰੁਪਏ ਤੋਂ ਵੱਧ ਮੁਫ਼ਤ ਸਫ਼ਰ ਦਾ ਸਰਕਾਰ ਵੱਲ ਪੈਡਿਗ ਹੈ ਤੇ ਸਰਕਾਰ ਮੁਫ਼ਤ ਸਫ਼ਰ ਦਾ ਪੈਸਾ ਬਿਲਕੁੱਲ ਵੀ ਜਾਰੀ ਨਹੀਂ ਆ ਰਿਹਾ ਸਿਰਫ ਬਜਟ ਦਾ ਰੱਖਿਆ ਪੈਸਾ ਹੀ ਵਿਭਾਗਾਂ ਨੂੰ ਮਿਲਦਾ ਜੋ ਕਿ ਬਹੁਤ ਘੱਟ ਆ ਸਰਕਾਰ ਮੁਫ਼ਤ ਸਫ਼ਰ ਦੀ ਰਕਮਰੋਕ ਕੇ ਬੱਸਾਂ ਨੂੰ ਖੜਾਉਣਾ ਚਾਹੁੰਦੀ ਹੈ ਅਤੇ ਜੇਕਰ ਸਰਕਾਰ ਵੱਲੋ ਤਰੁੰਤ ਮੁਲਾਜ਼ਮਾਂ ਦੀਆਂ ਤਨਖਾਹਾਂ ਜਾਰੀ ਨਾ ਕੀਤੀਆਂ ਤਾ 25 ਮਾਰਚ ਨੂੰ ਮੁਖ ਦਫ਼ਤਰ ਪੀ ਆਰ ਟੀ ਸੀ ਦੇ ਗੇਟ ਤੇ ਧਰਨਾ ਦੇ ਕੇ ਅਗਲੇ ਤਿਖੇ ਸੰਘਰਸ਼ ਦਾ ਐਲਾਨ ਕੀਤਾ ਜਾਏਗਾ। ਇਸ ਮੌਕੇ ਹਾਜ਼ਰ ਡੀਪੂ ਪ੍ਰਧਾਨ ਰਣਜੀਤ ਸਿੰਘ ਤੇ ਹੋਰ ਵਰਕਰ ਹਾਜ਼ਰ ਸੀ।ਤਰਨਤਾਰਨ ਵਿਖੇ ਡੀਪੂ ਪ੍ਰਧਾਨ ਰਣਜੀਤ ਸਿੰਘ ਦੀ ਅਗਵਾਈ ਹੇਠ ਗੇਟ ਰੈਲੀ ਕਰਦੇ ਹੋਏ ਪੰਜਾਬ ਰੋਡਵੇਜ਼ ਪਨਬਸ / ਪੀ.ਆਰ.ਟੀ.ਸੀ ਕੰਟਰੈਕਟ ਵਰਕਰਜ ਯੂਨੀਅਨ ਆਗੂ ਅਤੇ ਮੈਂਬਰ।

ਲੇਖਕ ਆਪਣੀਆਂ ਰਚਨਾਵਾਂ
ਇਸ ਨੰਬਰ ਤੇ ਭੇਜ ਸਕਦੇ ਹਨ
+91 98155 61022

# ਮਾਸਟਰ ਕੇਡਰ ਯੂਨੀਅਨ ਨੇ ਰੰਧਾਵਾ ਦੀ ਮੌਤ 'ਤੇ ਪ੍ਰਗਟ ਕੀਤਾ ਦੁੱਖ



## ਸਰਕਾਰੀ ਅਦਾਰਿਆਂ ਵਿੱਚ ਰਾਜਨੀਤਕ ਦਖਲਅੰਦਾਜ਼ੀ ਬੰਦ ਕਰਨ ਦੀ ਮੰਗ ।

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨਤਾਰਨ, 23 ਮਾਰਚ

ਗਗਨਦੀਪ ਸਿੰਘ ਰੰਧਾਵਾ, ਜ਼ਿਲ੍ਹਾ ਮੈਨੇਜਰ ਪੰਜਾਬ ਰਾਜ ਗੋਦਾਮ ਨਿਗਮ ਵੱਲੋਂ ਨਾਜਾਇਜ਼ ਰਾਜਨੀਤਕ ਦਖਲਅੰਦਾਜ਼ੀ ਕਾਰਨ ਖੁਦਕੁਸ਼ੀ ਕਰ ਕੇ ਆਪਣੀ ਜ਼ਿੰਦਗੀ ਖਤਮ ਕੀਤੇ ਜਾਣ ਤੇ ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸਮੁੱਚੇ ਅਹੁਦੇਦਾਰਾਂ ਅਤੇ ਮੈਂਬਰਾਂ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਗਗਨਦੀਪ ਸਿੰਘ ਰੰਧਾਵਾ ਦੀ ਖੁਦਕੁਸ਼ੀ ਪੰਜਾਬ ਸਰਕਾਰ ਦੀ ਕਾਰਜ ਪ੍ਰਣਾਲੀ 'ਤੇ ਵੱਡਾ ਸਵਾਲੀਆ ਨਿਸ਼ਾਨ ਹੈ।ਮਾਸਟਰ ਕੇਡਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਧਾਰੀਵਾਲ ਅਤੇ ਹੋਰ ਆਗੂਆਂ ਨੇ ਕਿਹਾ ਕਿ"ਸਰਕਾਰੀ ਮੁਲਾਜ਼ਮ ਮਾਨਸਿਕ ਪ੍ਰੇਸ਼ਾਨੀ ਵਿੱਚ ਆਪਣੀ ਡਿਊਟੀ ਨਿਭਾ ਰਹੇ ਹਨ ਜੋ ਸਹੀ ਨਹੀਂ।ਯੂਨੀਅਨ ਆਗੂਆਂ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਸਰਕਾਰੀ ਅਦਾਰਿਆਂ ਵਿੱਚ ਬੇਲੋੜੀ ਦਖਲਅੰਦਾਜ਼ੀ ਕਰਕੇ ਅਫਸਰਾਂ ਨੂੰ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ ਜਿਸ ਕਾਰਨ ਸਰਕਾਰੀ ਮੁਲਾਜ਼ਮ ਮਾਨਸਿਕ ਪ੍ਰੇਸ਼ਾਨੀ ਵਿੱਚ ਆਪਣੀ ਡਿਊਟੀ ਨਿਭਾ ਰਹੇ ਹਨ।ਮਾਸਟਰ ਕੇਡਰ ਯੂਨੀਅਨ ਪੰਜਾਬ ਨੇ ਮੰਗ ਕੀਤੀ ਕਿ ਸਰਕਾਰੀ ਅਦਾਰਿਆਂ ਵਿੱਚ ਕੰਮ ਕਰ ਰਹੇ ਅਫਸਰਾਂ ਅਤੇ ਮੁਲਾਜ਼ਮਾਂ 'ਤੇ ਪਾਇਆ ਜਾ ਰਿਹਾ ਬੇਲੋੜਾ ਰਾਜਨੀਤਕ ਦਬਾਅ ਬੰਦ ਕੀਤਾ ਜਾਵੇ ਤਾਂ ਜੋ ਸਰਕਾਰੀ ਮੁਲਾਜ਼ਮ ਆਪਣੀਆਂ ਸੇਵਾਵਾਂ ਸਹੀ ਤਰੀਕੇ ਨਾਲ ਨਿਭਾ ਸਕਣ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਗਗਨਦੀਪ ਸਿੰਘ ਰੰਧਾਵਾ ਨੂੰ ਤੰਗ-ਪਰੇਸ਼ਾਨ ਕਰਨ ਵਾਲੇ ਤੇ ਖੁਦਕੁਸ਼ੀ ਲਈ ਮਜਬੂਰ ਕਰਨ ਵਾਲੇ ਦੋਸ਼ੀਆਂ ਖਿਲਾਫ਼ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਧਾਲੀਵਾਲ,ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ,ਸੂਬਾ ਜੋਇੰਟ ਸਕੱਤਰ ਦਲਜੀਤ ਸਿੰਘ ਸਬਰਵਾਲ, ਸੂਬਾ ਜੋਇੰਟ ਸਕੱਤਰ ਹਰਮਿੰਦਰ ਸਿੰਘ ਉਪੱਲ, ਮੈਂਬਰ ਮਨਜਿੰਦਰ ਸਿੰਘ ਢਿੱਲੋ,ਸ਼ਮਸ਼ੇਰ ਸਿੰਘ ਮੋਗਾ,ਹਰਬੰਸ ਲਾਲ,ਧਰਮਿੰਦਰ ਸਿੰਘ,ਹਰਸੇਵਕ ਸਿੰਘ,ਮੀਡੀਆ ਕੋਆਡੀਨੇਟਰ ਰਾਜਪਾਲ ਸਿੰਘ,ਜੁਗਰਾਜ ਸਿੰਘ, ਪਰਮਿੰਦਰ ਸਿੰਘ, ਪ੍ਰਸ਼ੋਤਮ ਸਿੰਘ ਅਤੇ ਜਗਰੂਪ ਕੌਰ ਹਾਜਰ ਸਨ।

ਮਾਸਟਰ ਕੇਡਰ ਯੂਨੀਅਨ ਆਗੂ ਗੱਲਬਾਤ ਕਰਦੇ ਹੋਏ।

# ਸ਼ਹੀਦ ਏ ਆਜ਼ਮ ਸ੍ਰ ਭਗਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਬਾਘਾਪੁਰਾਣਾ ਵਿਖੇ ਕਵੀ ਦਰਬਾਰ ਹੋਇਆ



## ਬਾਘਾਪੁਰਾਣਾ ਮਾਰਚ (ਜਸਵੀਰ ਸ਼ਰਮਾਂ ਦੱਦਾਹੂਰ ) ।

ਹੱਕ ਸੱਚ ਪਰਿਵਾਰ ਦੇ ਸੁੱਚੇ ਮੋਤੀ ਟੀਮ ਬਾਘਾਪੁਰਾਣਾ ਦੇ ਮੁੱਖ ਪ੍ਰਬੰਧਕ ਰੇਡੀਓ ਸ਼ਾਇਰ ਪਰਮਜੀਤ ਸਿੰਘ ਬਾਘਾਪੁਰਾਣਾ ਦੀ ਯੋਗ ਅਗਵਾਈ ਹੇਠ ਆਜ਼ਾਦੀ ਦੇ ਮਹਾਂ ਨਾਇਕ ਸ਼ਹੀਦ- ਏ-ਆਜ਼ਮ ਸ੍ਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇੱਕ ਕਵੀ ਦਰਬਾਰ ਪੰਜਾਬੀ ਮਾਂ ਡਾਟ ਕਾਮ ਯੂ. ਐਸ. ਏ. ਦੇ ਡਾਇਰੈਕਟਰ ਜਗਜੀਤ ਸਿੰਘ ਬਾਵਰਾ ਜੀ ਦੇ ਸੁੱਖ ਆਲ੍ਹਣੇ ਬਾਘਾਪੁਰਾਣਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਡਾ ਸਰਬਜੀਤ ਕੌਰ ਬਰਾੜ ਮੋਗਾ, ਜਗਜੀਤ ਸਿੰਘ ਝੱਤਰੇ ਜ਼ੀਰਾ, ਤਰਸੇਮ ਖ਼ਾਨ ਲੰਡੇ, ਹਰਚਰਨ ਸਿੰਘ ਰਾਜੇਆਣਾ, ਡਾ ਸਾਧੂ ਰਾਮ ਲੰਗੇਆਣਾ, ਮੀਨਾ ਰਾਣੀ ਸ਼ਰਮਾਂ ਮੋਗਾ, ਲਛਮਣ ਸਿੰਘ ਸਮਾਲਸਰ, ਹਰਪ੍ਰੀਤ ਸਿੰਘ, ਮਲਕੀਤ ਕੌਰ ਬਾਵਰਾ,ਪ੍ਰੇਮ ਭੂਸ਼ਨ ਗੁਪਤਾ, ਪਰਮਜੀਤ ਸਿੰਘ ਬਾਘਾਪੁਰਾਣਾ, ਬਲਜਿੰਦਰ ਕੁਮਾਰ ਭੱਲਾ, ਜਗਜੀਤ ਸਿੰਘ ਬਾਵਰਾ ਵੱਲੋਂ ਸ਼ਹੀਦ ਭਗਤ ਸਿੰਘ ਅਤੇ ਬਾਕੀ ਸ਼ਹੀਦਾ ਦੀਆਂ ਕੁਰਬਾਨੀਆਂ ਨੂੰ ਸਮਰਪਿਤ ਅਤੇ ਸਮਾਜ ਦੇ ਮੌਜੂਦਾ ਭਵਿੱਖ ਤੇ ਆਪੋ ਆਪਣੀਆਂ ਕਲਮਾਂ ਦੇ ਕਲਾਮ ਪੇਸ਼ ਕੀਤੇ ਗਏ ਅਤੇ ਹੋਰ ਸਮਾਜਿਕ ਵਿਚਾਰਾਂ ਵੀ ਸਾਂਝੀਆਂ ਕੀਤੀਆਂ ਗਈਆਂ। ਸਮਾਗਮ ਦੇ ਮੁੱਖ ਪ੍ਰਬੰਧਕ ਪਰਮਜੀਤ ਸਿੰਘ ਬਾਘਾਪੁਰਾਣਾ ਵੱਲੋਂ ਸਮੂਹ ਕਵੀਆਂ ਨੂੰ ਸਨਮਾਨ ਚਿੰਨ੍ਹ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਡਾਇਰੈਕਟਰ ਜਗਜੀਤ ਸਿੰਘ ਬਾਵਰਾ ਵੱਲੋਂ ਇਸ ਸੰਖੇਪ ਅਤੇ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ ਦੀ ਪੁਰਜ਼ੋਰ ਸ਼ਬਦਾਂ ਵਿੱਚ ਸ਼ਾਲਾਘਾ ਕਰਦਿਆਂ ਪ੍ਰਬੰਧਕ ਟੀਮ ਨੂੰ ਹਾਰਦਿਕ ਵਧਾਈ ਦਿੱਤੀ ਗਈ ਅਤੇ ਪਹੁੰਚੀਆਂ ਹੋਈਆਂ ਸਮੂਹ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਦਿਆਂ ਨਿੱਘਾ ਸਵਾਗਤ ਕੀਤਾ ਗਿਆ।

# ਆਲ ਇੰਡੀਆ ਆਸ਼ਾ ਵਰਕਰਜ ਯੂਨੀਅਨ ਨੇ ਡੀ ਸੀ ਦਫ਼ਤਰ ਤਰਨ ਤਾਰਨ ਵਿਖੇ ਫੂਕਿਆ ਮੁੱਖ ਮੰਤਰੀ ਦਾ ਪੁਤਲਾ



**ਮੰਗ ਪੱਤਰ ਦੇਣ ਜਾ ਰਹੀਆਂ ਆਸ਼ਾ ਵਰਕਰਜ ਨੂੰ ਜਲਾਲਾਬਾਦ (ਫ਼ਿਰੋਜ਼ਪੁਰ) ਥਾਣੇ ਡੱਕਣ ਦੀ ਕੀਤੀ ਨਿੰਦਾ |**

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ 23 ਮਾਰਚ

ਆਲ ਇੰਡੀਆ ਆਸ਼ਾ ਵਰਕਰਜ ਯੂਨੀਅਨ ਪੰਜਾਬ ਏਟਕ ਜ਼ਿਲ੍ਹਾ ਤਰਨ ਤਾਰਨ ਦੇ ਆਗੂ ਸੀਮਾ ਸੋਹਲ, ਰਾਜਵਿੰਦਰ ਕੌਰ ਚਾਹਲ, ਮਨਦੀਪ ਕੌਰ ਝਬਾਲ, ਮਨਜੀਤ ਕੌਰ ਗੋਹਲਵੜ, ਸੰਦੀਪ ਕੌਰ ਤਰਨ ਤਾਰਨ, ਦੀ ਅਗਵਾਈ ਵਿਚ ਡੀ ਸੀ ਦਫ਼ਤਰ ਤਰਨ ਤਾਰਨ ਵਿਖੇ ਇਕੱਠੇ ਹੋ ਕੇ 23 ਮਾਰਚ ਸ਼ਹੀਦੇ-ਆਜਮ ਸ. ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀ ਸ਼ਹੀਦੀ ਨੂੰ ਯਾਦ ਕੀਤਾ ਗਿਆ ਅਤੇ ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ ਕੀਤਾ ਗਿਆ । ਇਸ ਸਮੇਂ ਆਸ਼ਾ ਵਰਕਰਜ ਆਗੂਆਂ ਕਿਹਾ ਕਿ ਬੀਤੇ ਜਲਾਲਾਬਾਦ ਫ਼ਿਰੋਜ਼ਪੁਰ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਸ਼ਾਤਮਈ ਢੰਗ ਨਾਲ ਸੂਬਾ ਆਗੂ ਦੁਰਗੋ ਬਾਈ ਦੀ ਅਗਵਾਹੀ ਵਿਚ ਮੰਗ ਪੱਤਰ ਦੇਣ ਗਈਆਂ ਆਸ਼ਾ ਵਰਕਰਜ ਨੂੰ ਪੁਲਿਸ ਵੱਲੋਂ ਧੱਕੇ ਨਾਲ ਜਲਾਲਾਬਾਦ ਠਾਣੇ ਡੱਕ ਦਿੱਤਾ ਗਿਆ, ਜਿੱਥੇ ਰੋਸ ਵਜੋਂ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਤੇ ਪੰਜਾਬ ਵਿੱਚੋਂ ਹੋਰ ਆਗੂ ਪਹੁੰਚੇ ਅਤੇ ਰਾਤ ਇੱਕ ਵਜੇ ਪੁਲਿਸ ਵੱਲੋਂ ਛੱਡਿਆ ਗਿਆ। ਪੰਜਾਬ ਸਰਕਾਰ ਦੇ ਇਸ ਵਰਤਾਰੇ ਦੀ ਪੰਜਾਬ ਸੁਬਾਰਡੀਨੇਟ ਸਰਸਵਿਜ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ,ਜਨ.ਸਕੱਤਰ ਸਰਿੰਦਰ ਪੁਆਰੀ, ਪ੍ਰੇਮ ਚਾਵਲਾ, ਕਾਰਜ ਸਿੰਘ ਕੈਰੋ, ਅੰਮ੍ਰਿਤਪਾਲ ਬਾਕੀਪੁਰ ਨੇ ਕਰੜੇ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਆਸ਼ਾ ਵਰਕਰ ਦੇ ਸ਼ਘੰਰਸ਼ ਦੀ ਪੂਰਨ ਹਮਾਇਤ ਕਰਦੇ ਹੋਏ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਆਸ਼ਾ ਦੀਆਂ ਮੰਗਾਂ ਨਾ ਮੰਨੀਆਂ ਤਾਂ ਕੰਮਾਂ ਦਾ ਬਾਈਕਾਟ ਅੱਗੇ ਵਧਾਇਆ ਜਾਵੇਗਾ, ਜੋ ਪਹਿਲਾਂ ਸੋਲਾਂ ਮਾਰਚ ਤੋਂ ਅਠਾਈ ਮਾਰਚ ਤੱਕ ਚੱਲ ਰਿਹਾ ਹੈ। ਇਸੇ ਕੜੀ ਦੇ ਤਹਿਤ ਡੀ ਸੀ ਦਫਤਰ ਤਰਨ ਤਾਰਨ ਵਿਖੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦਾ ਪੁਤਲਾ ਫੂਕਿਆ ਗਿਆ ਅਤੇ ਰੋਸ ਵਜੋਂ ਜ਼ਬਰਦਸਤ ਨਾਹਰੇਬਾਜ਼ੀ ਕੀਤੀ ਗਈ। ਇਸ ਸਮੇ ਬਲਵਿੰਦਰ ਕੌਰ ਝਬਾਲਆ, ਕੁਲਵੰਤ ਕੌਰ ਵੇਂਈਪੁਈ, ਬਲਜੀਤ ਕੌਰ ਖਡੂਰ ਸਾਹਿਬ, ਜਸਬੀਰ ਕੌਰ ਗੋਇਦਵਾਲ, ਮਨਪ੍ਰੀਤ ਕੌਰ ਦੀਨਵਾਲ, ਰੂਪਵਿੰਦਰ ਕੌਰ ਤਰਨ ਤਾਰਨ, ਪੂਨਮ ਤਰਨ ਤਾਰਨ, ਕੰਵਲ ਤਰਨ ਤਾਰਨ, ਪੂਨਮ ਤਰਨ ਤਾਰਨ, ਪੱਲਵੀ, ਜਸਬੀਰ ਕੌਰ ਡਾਲੇਕੇ, ਗੁਰਪ੍ਰੀਤ ਕੌਰ ਵਾਂ, ਪ੍ਰਸਿੰਨ ਕੌਰ ਮੰਨਣ, ਅਮਰਜੀਤ ਕੌਰ ਮੰਨਣ, ਸਰਬਜੀਤ ਕੌਰ ਗੋਹਲਵੜ, ਰਵਿੰਦਰ ਸ਼ੇਖ, ਦਵਿੰਦਰ ਕੌਰ ਨੌਰੰਗਾਬਾਦ, ਦਲਜੀਤ ਕੌਰ ਜੀਓਬਾਲਾ, ਰਵਿੰਦਰ ਕੌਰ ਮੀਆਂਵਿੰਡ ਪਸਸਫ ਦੇ ਜ਼ਿਲ੍ਹਾ ਪ੍ਰਧਾਨ ਕਾਰਜ ਸਿੰਘ ਕੈਰੋਂ, ਅੰਮ੍ਰਿਤਪਾਲ ਬਾਕੀਪੁਰ ਆਦਿ ਆਗੂ ਹਾਜਰ ਸਨ।ਤਰਨਤਾਰਨ ਦੇ ਡਿਪਟੀ ਕਮਿਸ਼ਨ ਦਫਤਰ ਵਿਖੇ ਸਰਕਾਰ ਦਾ ਪੁਤਲਾ ਫੁਕਦੀਆਂ ਹੋਈਆਂ ਆਲ ਇੰਡੀਆ ਆਸ਼ਾ ਵਰਕਰਜ ਯੂਨੀਅਨ ਦੀਆ ਆਗੂ।

# ਗਊ ਰੱਖਿਆ ਦੇ ਸਨਮਾਨ 'ਚ 27 ਅਪ੍ਰੈਲ ਨੂੰ ਪੂਰੇ ਭਾਰਤ ਵਿੱਚ ਦਿੱਤੇ ਜਾਣਗੇ ਐਸ ਡੀ ਐਮ ਨੂੰ ਮੰਗ ਪੱਤਰ-ਗਿਰੀ



**ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 23 ਮਾਰਚ |**

ਤਰਨਤਾਰਨ ਦੇ ਗੋਪਾਲ ਗਊ ਸ਼ਾਲਾ ਪੰਡੋਰੀ ਗੋਲਾ ਵਿਖ਼ੇ ਇੱਕ ਮੀਟਿੰਗ ਰਾਸ਼ਟਰੀ ਭਗਵਾਂ ਸੈਨਾ ਸੰਗਠਨ ਦੇ ਪੰਜਾਬ ਮੀਡੀਆ ਇੰਚਾਰਜ ਬੀ ਐਸ ਸਾਹਿਲ ਦੀ ਅਗਵਾਈ ਹੇਠ ਕੀਤੀ ਗਈ।ਜਿਸ ਵਿੱਚ ਵਿਸ਼ੇਸ਼ ਤੋਰ ਤੇ ਸੁਆਮੀ ਨਿਰਾਈਨ ਗਿਰੀ ਹਰਿਦੁਆਰਾ ਅਤੇ ਰਾਸ਼ਟਰੀ ਭਗਵਾਂ ਸੈਨਾ ਦੇ ਰਾਸ਼ਟਰੀ ਪ੍ਰਧਾਨ ਅਤੇ ਸੰਸਥਾਪਕ ਪੰਕਜ ਦਵੇਸਰ ਪੁੰਹਚੇ। ਇਸ ਮੌਕੇ ਸੰਬੋਧਨ ਕਰਦੇ ਸੁਆਮੀ ਨਿਰਾਈਨ ਗਿਰੀ ਜੀ ਨੇ ਕਿਹਾ ਕਿ ਪੂਰੇ ਭਾਰਤ ਵਿੱਚ ਗਊ ਮਾਤਾ ਦੇ ਸਨਮਾਨ ਵਿੱਚ ਇੱਕ ਬਹੁਤ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਦਾ ਮੁੱਖ ਮਕਸਦ ਗਊ ਮਾਤਾ ਦੀ ਸੁਰੱਖਿਆ ਅਤੇ ਸਾਂਭ ਸੰਭਾਲ ਕਰਨਾ ਕੇਦਰ ਸਰਕਾਰ ਦਾ ਪਹਿਲਾ ਮੁੱਖ ਕੰਮ ਹੋਵੇਗਾ।ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦੀ ਸ਼ੁਰੂਆਤ ਪੂਰੇ ਭਾਰਤ ਵਿੱਚ 27 ਅਪ੍ਰੈਲ ਨੂੰ ਆਰੰਭ ਕੀਤੀ ਜਾਵੇਗੀ।ਜਿਸ ਤਹਿਤ ਪੂਰੇ ਭਾਰਤ ਵਿੱਚ ਗਊ ਪ੍ਰੇਮੀ ਸ਼ਾਂਤਮਈ ਤਰੀਕੇ ਨਾਲ ਆਪਣੇ ਆਪਣੇ ਤਹਿਸੀਲ ਪੱਧਰ ਤੇ ਐਸ ਡੀ ਐਮ ਨੂੰ ਕੇਦਰ ਸਰਕਾਰ ਦੇ ਨਾਮ ਇੱਕ ਮੰਗ ਪੱਤਰ ਉਪਰੰਤ ਇਸ ਮਹਿੰਮ ਦੀ ਸ਼ੁਰੂਆਤ ਹੋਵੇਂਗੀ।ਇਸ ਮੋਕੇ ਗਊਸ਼ਾਲਾ ਦੇ ਪ੍ਰਬੰਧਕ ਵਲੋਂ ਸੁਆਮੀ ਨਿਰਾਈਨ ਗਿਰੀ ਜੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੋਕੇ ਸਚਿਨ ਬਹਿਲ ਪ੍ਰਧਾਨ ਸ਼ਿਵ ਸੈਨਾ ਰਾਸ਼ਟਰਵਾਦੀ, ਗਊਸ਼ਾਲਾ ਦੇ ਪ੍ਰਬੰਧਕ ਹਰਿੰਦਰ ਅਗਰਵਾਲ, ਅਸ਼ਵਨੀ ਮਦਾਨ, ਜਸਵਿੰਦਰ ਗਲਹੋਤਰਾ ਤੋਂ ਇਲਾਵਾ ਐਡਵੋਕੇਟ ਆਦੇਸ਼ ਅਗਨਹੀਹੋਤਰੀ ਗੁਰਿੰਦਰ ਸਿੰਘ ਟਿੰਕੂ, ਅਰੁਣ ਕੁਮਾਰ ਗੱਬਰ,ਆਰ ਐਨ ਸਿੰਘ, ਮਨਦੀਪ ਮਨੀ, ਅਭਿਸ਼ੇਕ ਕਾਲੀਆਂ ਹੈਰੀ ਸ਼ਰਮਾ ਤੋਂ ਇਲਾਵਾ ਗਊ ਪ੍ਰੇਮੀ ਮੌਜੂਦ ਸਨ।

# ਗੁਰੂ ਅਰਜਨ ਦੇਵ ਪਬਲਿਕ ਸਕੂਲ ਵਿਖੇ ਕਰਵਾਇਆ ਸ਼ਹੀਦੀ ਸਮਾਗਮ।



**23 ਮਾਰਚ ਦੇ ਸ਼ਹੀਦਾਂ ਦੀ ਵਿਚਾਰਧਾਰਾ ਅਜੋਕੇ ਦੌਰ ਵਿੱਚ ਪੂਰੀ ਪ੍ਰਸੰਸਕ ਹੈ : ਪ੍ਰਿੰਸੀਪਲ ਪਰਮਿੰਦਰ ਖਹਿਰਾ |**

ਚੋਹਲਾ ਸਾਹਿਬ 23 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)
ਅੱਜ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਅਰਜਨ ਦੇਵ ਪਬਲਿਕ ਸਕੂਲ ਵਿਖੇ 23 ਮਾਰਚ ਦੇ ਮਹਾਨ ਸ਼ਹੀਦ ਭਗਤ ਸਿੰਘ,ਰਾਜਗੁਰੂ ਅਤੇ ਸੁਖਦੇਵ ਦੀ ਯਾਦ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ।ਇਸ ਸਮੇਂ ਬੋਲਦਿਆਂ ਪ੍ਰਿੰਸੀਪਲ ਡਾਕਟਰ ਪਰਮਿੰਦਰ ਕੌਰ ਖਹਿਰਾ ਨੇ ਕਿਹਾ ਕਿ ਅੱਜ ਕੌਮ ਇਨ੍ਹਾਂ ਸ਼ਹੀਦਾਂ ਦਾ 95ਵਾਂ ਸ਼ਹੀਦੀ ਦਿਵਸ ਪੂਰੇ ਇਨਕਲਾਬੀ ਜੋਸ਼ ਨਾਲ ਮਨ੍ਹਾਂ ਰਾਹੀ ਹੈ।ਉਹਨਾਂ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ ਸਮਾਰਾਜਵਾਦ ਇੱਕ ਭੂਤਰਿਆ ਡਾਕੂ ਹੈ ਜੋ ਪੱਛੜੇ ਅਤੇ ਵਿਕਾਸ ਕਰ ਰਹੇ ਦੇਸ਼ਾਂ ਨੂੰ ਹਮੇਸ਼ਾਂ ਹਥਿਆਰਾਂ ਦੇ ਜ਼ੋਰ ਨਾਲ ਦਬਾਕੇ ਰੱਖਦਾ ਹੈ।ਉਨ੍ਹਾਂ ਕਿਹਾ ਕਿ ਉਪਰੋਕਤ ਵਿਚਾਰਾਂ ਦੀ ਰੋਸ਼ਨੀ ਵਿੱਚ ਦੇਖੀਏ ਤਾਂ ਬੀਤੀ 28 ਫਰਵਰੀ ਨੂੰ ਇਜਰਾਈਲ ਅਮਰੀਕੀ ਗੱਠਜੋੜ ਨੇ ਇਰਾਨ ਤੇ ਬੰਬਾਂ ਦਾ ਮੀਂਹ ਵਰਾਉਂਦੇ ਹੋਏ ਹੋਰ ਜਾਨੀ ਮਾਲੀ ਨੁਕਸਾਨ ਤੋਂ ਇਲਾਵਾ 160 ਮਾਸੂਮ ਬੱਚੀਆਂ ਦੀ ਬੇਰਹਿਮ ਹੱਤਿਆ ਕੀਤੀ ਹੈ,ਜਿਸਦੀ ਜਿੰਨੀ ਨਿੰਦਾ ਕੀਤੀ ਜਾਵੇ,ਥੋੜ੍ਹੀ ਹੈ।ਇਸ ਤੋਂ ਉਪਰੰਤ ਸਕੂਲੀ ਬੱਚਿਆਂ ਨੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਭਾਸ਼ਣਾ,ਕਵਿਤਾਵਾਂ ਅਤੇ ਚਿੱਤਰਕਲਾ ਰਾਹੀਂ ਸ਼ਰਧਾ ਦੇ ਫੁੱਲ ਭੇਂਟ ਕੀਤੇ।ਇਸ ਸਮੇਂ ਸੰਸਥਾ ਦੇ ਪ੍ਰਧਾਨ ਸਰਦਾਰ ਰਵੀਇੰਦਰ ਸਿੰਘ ਸਭਰਾ ਨੇ ਵੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇੱਟ ਕੀਤੇ।ਹੋਰਨਾਂ ਤੋਂ ਇਲਾਵਾ ਜ਼ਸਦੀਪ ਕੌਰ,ਹਰਸਿਮਰਨ ਕੌਰ,ਹਰਪ੍ਰੀਤ ਕੌਰ,ਸੰਦੀਪ ਕੌਰ,ਨਵਪ੍ਰੀਤ ਕੌਰ,ਜ਼ਸ਼ਨਪ੍ਰੀਤ ਕੌਰ,ਕਾਮਨਪ੍ਰੀਤ ਕੌਰ,ਅਕਾਸ਼ਦੀਪ ਕੌਰ,ਸੰਦੀਪ ਕੌਰ,ਜ਼ਸ਼ਨਪ੍ਰੀਤ ਕੌਰ,ਅਰਸ਼ਨੂਰ ਕੌਰ,ਲਵਨੀਤ ਕੌਰ ਸਮੂਹ ਸਟਾਫ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ।

# ਲੋਕਾਂ ਦਾ ਮਿਲ ਰਿਹਾ ਪਿਆਰ ਹੀ ਮੇਰੀ ਅਸਲੀ ਤਾਕਤ-ਪ੍ਰੋ.ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ



**ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 23 ਮਾਰਚ |**

ਹਲਕਾ ਖਡੂਰ ਸਾਹਿਬ ਦੇ ਵੱਖ ਵੱਖ ਪਿੰਡਾਂ ਵਿੱਚ ਹਰ ਰੋਜ਼ ਲੋਕਾਂ ਦੇ ਦੁੱਖ ਸੁੱਖ ਵਿੱਚ ਹਾਜ਼ਰ ਹੋਣਾ, ਹਲਕੇ ਦੀ ਹਰ ਸਰਗਰਮੀ ਵਿੱਚ ਹਿੱਸਾ ਲੈਣਾ , ਲੋਕਾਂ ਦੇ ਕੰਮ ਕਰਵਾਉਣੇ ਮੇਰੇ ਜੀਵਨ ਅਤੇ ਰੋਜ਼ਮਰਾ ਦੇ ਕੰਮ ਹਨ। ਹਲਕੇ ਦੀਆਂ ਸੰਗਤ ਵੱਲੋਂ ਮਿਲਦਾ ਪਿਆਰ ਸਤਿਕਾਰ ਹੀ ਮੇਰੀ ਅਸਲੀ ਤਾਕਤ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰੋਫੈਸਰ ਹਰਪ੍ਰੀਤ ਸਿੰਘ ਕੋਟ ਮੁੰਹਮਦ ਖਾਂ ਹਲਕਾ ਖਡੂਰ ਸਾਹਿਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਨੇ ਦੱਸਿਆ ਕਿ ਖਡੂਰ ਦੇ ਇਕਲੇ - ਇਕਲੇ ਪਿੰਡ ਵਿੱਚ ਮੇਰੀ ਦਿਲੀ ਸਾਂਝ ਹੈ। ਹਲਕਾ ਖਡੂਰ ਸਾਹਿਬ ਮੇਰੇ ਪਰਿਵਾਰ ਦੀ ਤਰ੍ਹਾਂ ਹੈ। ਮੇਰੇ ਦਿਨ ਦੀ ਸ਼ੁਰੂਆਤ ਸੰਗਤ ਦੇ ਦੁੱਖ ਸੁੱਖ ਵਿੱਚ ਹਾਜ਼ਰ ਹੋਣ ਨਾਲ ਹੁੰਦੀ ਹੈ। ਪਿੰਡ - ਪਿੰਡ ਮੀਟਿੰਗਾਂ ਲੋਕ ਮਿਲਣੀ ਕਰਕੇ ਹਰ ਹਲਕਾ ਨਿਵਾਸੀ ਤੱਕ ਪਹੁੰਚ ਕਰ ਰਹੇ ਹਾਂ। ਹਲਕੇ ਦੇ ਲੋਕਾਂ ਨੂੰ ਵਿਸ਼ਵਾਸ਼ ਦਵਾਉਂਦੇ ਹਾਂ ਕਿ ਸਾਡੀ ਟੀਮ ਹਮੇਸ਼ਾ ਲੋਕ ਸੇਵਾ ਵਿੱਚ ਹਾਜ਼ਰ ਹੈ।

# ਲਾਲਜੀਤ ਸਿੰਘ ਭੁੱਲਰ ਤੇ ਉਨ੍ਹਾਂ ਦੇ ਨਿੱਜੀ ਸਹਾਇਕ ਗੋਬਿੰਦਗੜ੍ਹ ਗ੍ਰਿਫਤਾਰ



ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 23 ਮਾਰਚ
ਮੈਨੇਜਰ ਰੰਧਾਵਾ ਨੂੰ ਖੁਦਕਸੀ ਕਰਨ ਲਈ ਮਜਬੂਰ ਕਰਨ ਦੇ ਮਾਮਲੇ 'ਚ ਕੇਸ ਦਰਜ ਹੋਣ ਉਪਰੰਤ ਸੋਮਵਾਰ ਨੂੰ ਲਾਲਜੀਤ ਸਿੰਘ ਭੁੱਲਰ ਤੇ ਉਨ੍ਹਾਂ ਦੇ ਨਿੱਜੀ ਸਹਾਇਕ ਦਿਲਬਾਗ ਦੀ ਵੇਅਰ ਹਾਊਸ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਖੁਦਕਸ਼ੀ ਮਾਮਲੇ 'ਚ ਮੰਡੀ ਗੋਬਿੰਦਗੜ੍ਹ ਗ੍ਰਿਫਤਾਰ ਕੀਤਾ ਗਿਆ। ਲਾਲਜੀ ਤ ਸਿੰਘ ਭੁੱਲਰ ਅਤੇ ਉਨ੍ਹਾਂ ਦੇ ਪਿਤਾ ਸੁਖਦੇਵ ਸਿੰਘ ਭੁੱਲਰ ਸਮੇਤ ਪਰਸੋ ਦੇਰ ਰਾਤ ਅੰਮ੍ਰਿਤਸਰ ਦੇ ਥਾਣਾਂ ਰਣਜੀਤ ਐਵੀਨਿਊ ਵਿਖੇ ਜ਼ਿਲ੍ਹਾ ਮੈਨੇਜਰ ਰੰਧਾਵਾ ਨੂੰ ਖੁਦਕਸੀ ਕਰਨ ਲਈ ਮਜਬੂਰ ਕਰਨ ਦੇ ਮਾਮਲੇ 'ਚ ਕੇਸ ਦਰਜ ਕੀਤਾ ਗਿਆ ਸੀ।
ਸੂਤਰਾਂ ਮੁਤਾਬਿਕ ਪੁਲਿਸ ਪਾਰਟੀ ਉਨਾਂ ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਵੱਲ ਰਵਾਨਾ ਹੋ ਚੁੱਕੀ ਹੈ। ਜਿੰਨਾ ਨੂੰ ਤੈਅ ਸਮਾਂ ਸੀਮਾਂ 'ਚ ਅਦਾਲਤ ਵਿੱਚ ਪੇਸ਼ ਕੀਤਾ ਜਾਏਗਾ। ਜਿਕਰਯੋਗ ਹੈ ਮ੍ਰਿਤਕ ਰੰਧਾਵਾ ਦੇ ਪ੍ਰੀਵਾਰ ਨੇ ਭੁੱਲਰ ਦੀ ਗ੍ਰਿਫਤਾਰੀ ਲਈ ਜਿਥੇ 24 ਘੰਟਿਆਂ ਦਾ ਅਲਟੀਮੇਟਮ ਦਿੱਤਾ ਸੀ, ਉਥੇ ਇਹ ਮਾਮਲਾ ਅੱਜ ਲੋਕ ਸਭਾ ਵਿੱਚ ਕਾਂਗਰਸੀ ਸਾਂਸਦਾ ਤੇ ਭਾਜਪਾ ਦੇ ਕੇਦਰੀ ਮੰਤਰੀ ਰਣਨੀਤ ਸਿੰਘ ਬਿੱਟੂ ਵਲੋ ਵੀ ਉਠਾਇਆ ਜਿਸ ਦੇ ਜਵਾਬ 'ਚ ਕੇਦਰੀ ਗ੍ਰਹਿ ਮੰਤਰੀ ਵਲੋ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ ਨੂੰ ਸੌਂਪੇ ਜਾਣ ਦਾ ਵਿਸ਼ਵਾਸ ਦੁਆਇਆ ਗਿਆ ਸੀ। ਜਿਸ ਕਰਕੇ ਸਮਝਿਆ ਜਾ ਰਿਹਾ ਹੈ ਕਿ ਜਾਂਚ ਪੰਜਾਬ ਪੁਲਿਸ ਦੇ ਹੱਥੋ ਖਿਸਕਦੀ ਵੇਖਕੇ ਹੀ ਇਹ ਗ੍ਰਿਫਤਾਰੀ ਕੀਤੀ ਗਈ ਹੈ।

